ਸੰਮਤ: ੫੫੭ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੨੯ ਪੋਹ ਸੰਨ ੨੦੨੬ Monday, 12 January

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com



## ਖਾਲਸੇ ਦੀਆਂ ਲੜਾਈਆਂ

ਖਾਲਸੇ ਦੀ ਸਾਜਨਾ ਨਾਲ ਜਿੱਥੇ ਸਮੁੱਚੀ ਸਿੱਖ ਕੌਮ ਵਿਚ ਰਾਸ਼ਟਰੀ ਪੱਧਰ ਦੀ ਇਕਰੂਪਤਾ ਨਿਸਚਿਤ ਹੋ ਗਈ ਸੀ ਉੱਥੇ ਉਹ ਇਕ ਮਰਯਾਦਾ ਤਹਿਤ ਹਥਿਆਰਬੰਦ ਵੀ ਹੋ ਗਈ ਸੀ। ਇਸ ਸਭ ਕੁਝ ਦੇ ਨਾਲ ਖਾਲਸਾ ਭਾਈਚਾਰੇ ਵਿੱਚੋਂ ਜਾਤ-ਪਾਤ ਬਿਲਕੁਲ ਖਤਮ ਹੋ ਗਈ ਸੀ। ਖਾਲਸੇ ਦੀ ਸਾਜਨਾ ਅਸਲ ਵਿਚ ਜ਼ੁਲਮ ਅਤੇ ਬੇਇਨਸਾਫ਼ੀ ਦੇ ਖ਼ਿਲਾਫ਼ ਸੰਘਰਸ਼ ਦਾ ਇਕ ਐਲਾਨ ਸੀ । ਇਸ ਜ਼ੁਲਮ ਅਤੇ ਬੇਇਨਸਾਫ਼ੀ ਦੇ ਖ਼ਿਲਾਫ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਪਹਾੜੀ ਰਾਜਿਆਂ ਅਤੇ ਮੁਗ਼ਲਾਂ ਨਾਲ ਅਨੇਕਾਂ ਯੁੱਧ ਕਰਨੇ ਪਏ। ਖਾਲਸੇ ਦੀ ਸਾਜਨਾ ਤੋਂ ਬਾਅਦ ਗੁਰੂ ਸਾਹਿਬ ਵੱਲੋਂ ਪਹਾੜੀ ਰਾਜਿਆਂ ਅਤੇ ਮੁਗ਼ਲਾਂ ਨਾਲ ਹੇਠ ਲਿਖੀਆਂ ਲੜਾਈਆਂ ਲੜੀਆਂ ਗਈਆਂ ਜਿਨਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ:

੧.ਸ੍ਰੀ ਅਨੰਦਪੁਰ ਸਾਹਿਬ ਦੀ ਪਹਿਲੀ ਲੜਾਈ (੧੭੦੧ ਈ:) ਖਾਲਸਾ ਸਾਜਨਾ ਦੇ ਲੱਗਭਗ ਦੋ ਵਰ੍ਹੇ ਪਿੱਛੇ ਪਿੱਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਪਹਾੜੀ ਰਾਜਿਆਂ ਵਿਰੁੱਧ ਸ਼ਸਤਰ ਚੁੱਕਣੇ ਪਏ। ਖਾਲਸੇ ਦੀ ਸਥਾਪਨਾ ਨਾਲ ਪਹਾੜੀ ਰਾਜੇ ਘਬਰਾ ਗਏ ਸਨ। ਉਹ ਗੁਰੂ ਸਾਹਿਬ ਦੀ ਸਿੱਖਾਂ ਵਿਚ ਵਧ ਰਹੀ ਲੋਕ-ਪ੍ਰਿਯਤਾ ਅਤੇ ਉਨਾਂ ਦੀਆਂ ਸੈਨਿਕ ਕਾਰਵਾਈਆਂ ਨੂੰ ਆਪਣੇ ਰਾਜ ਲਈ ਖ਼ਤਰਾ ਸਮਝਣ ਲੱਗ ਪਏ ਸਨ। ਇਸ ਲਈ ਬਿਲਾਸਪੁਰ ਦੇ ਰਾਜਾ ਭੀਮ ਚੰਦ ਨੇ ਗੁਰੂ ਸਾਹਿਬ ਨੂੰ ਆਪਣੇ ਦੂਤ ਰਾਹੀਂ ਸ੍ਰੀ ਅਨੰਦਪੁਰ ਸਾਹਿਬ ਛੱਡ ਦੇਣ ਲਈ ਪੱਤਰ ਭੇਜਿਆ ਜੋ ਗੁਰੂ ਜੀ ਨੇ ਅਸਵੀਕਾਰ ਕਰ ਦਿੱਤਾ। ਰਾਜਾ ਭੀਮ ਚੰਦ ਅਤੇ ਕੁਝ ਹੋਰ ਪਹਾੜੀ ਰਾਜਿਆਂ ਦੀਆਂ ਫੌਜਾਂ ਨੇ ੧੭੦੧ ਈ: ਨੂੰ ਸ੍ਰੀ ਅਨੰਦਪੁਰ ਸਾਹਿਬ ਦੇ ਚੌਹੀਂ ਪਾਸੀ ਘੇਰਾ ਪਾ ਲਿਆ ਅਤੇ ਕਿਲ੍ਹੇ ਅੰਦਰ ਰਸਦ ਪਹੁੰਚਣ ਦੇ ਸਾਰੇ ਰਸਤੇ ਬੰਦ ਕਰ ਦਿੱਤੇ। ਗੁਰੂ ਜੀ ਨੇ ਸਿੱਖਾਂ ਦੀ ਘੱਟ ਗਿਣਤੀ ਦੇ ਹੁੰਦਿਆਂ ਹੋਇਆਂ ਵੀ ਕਿਲ੍ਹੇ ਦੇ ਅੰਦਰੋਂ ਵੈਰੀਆਂ ਦਾ ਡਟ ਕੇ ਮੁਕਾਬਲਾ ਕੀਤਾ।ਗੁਰੂ ਸਾਹਿਬ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਨੇ ਬੜੀ ਬਹਾਦਰੀ ਦਾ ਸਬੂਤ ਦਿੱਤਾ ਅਤੇ ਵੈਰੀਆਂ ਨੂੰ ਭਾਰੀ ਨੁਕਸਾਨ ਪਹੁੰਚਾਇਆ। ਪਹਾੜੀ ਰਾਜਿਆਂ ਨੂੰ ਜਦੋਂ ਸਫਲਤਾ ਦੀ ਕੋਈ ਆਸ ਨਾ ਰਹੀ ਤਾਂ ਉਨ੍ਹਾਂ ਨੇ ਲੜਾਈ ਬੰਦ ਕਰ ਕੇ ਗੁਰੂ ਜੀ ਨਾਲ ਸਮਝੌਤਾ ਕਰ ਲਿਆ ਅਤੇ ਵਚਨ ਦਿੱਤਾ ਕਿ ਗੁਰੂ ਸਾਹਿਬ ਕੁਝ ਸਮੇਂ ਲਈ ਅਨੰਦਪੁਰ ਸਾਹਿਬ ਛੱਡ ਦੇਣ ਤਾਂ ਉਹ ਗੁਰੂ ਜੀ ਨਾਲ ਮਿੱਤਰਤਾ ਪੂਰਨ ਸੰਬੰਧ ਕਾਇਮ ਕਰ ਲੈਣਗੇ। ਗੁਰੂ ਸਾਹਿਬ ਸ਼ੁਰੂ ਤੋਂ ਹੀ ਪਹਾੜੀ ਰਾਜਿਆਂ ਨਾਲ ਲੜਾਈ ਕਰਨ ਦੇ ਹੱਕ ਵਿਚ ਨਹੀਂ ਸਨ। ਇਸ ਲਈ ਗੁਰੂ ਜੀ ਨੇ ਸਮਝੌਤੇ ਦੀ ਸ਼ਰਤ ਨੂੰ ਮੰਨ ਕੇ ਸ੍ਰੀ ਅਨੰਦਪੁਰ ਸਾਹਿਬ ਨੂੰ ਛੱਡ ਕੇ ਕੀਰਤਪੁਰ ਸਾਹਿਬ ਤੋਂ ਲੱਗਭਗ ਦੋ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਨਿਰਮੋਹ ਨਾਮੀ ਪਿੰਡ ਵਿਚ ਚਲੇ ਗਏ।

**੨. ਨਿਰਮੋਹ ਦੀ ਲੜਾਈ (੧੭੦੨ ਈ):-** ਜਦੋਂ ਗੁਰੂ ਜੀ ਨਿਰਮੋਹ ਚਲੇ ਗਏ ਤਾਂ ਸਿੱਖਾਂ ਦੀਆਂ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕਾਂ ਨਾਲ ਝੜਪਾਂ ਹੋਣ ਲੱਗੀਆਂ । ਸਿੱਖਾਂ ਤੋਂ ਭੈ ਭੀਤ ਹੋ ਕੇ ਨਿਰਮੋਹ ਦੇ ਆਲੇ-ਦੁਆਲੇ ਦੇ ਬਹੁਤ ਸਾਰੇ ਪੇਂਡੂ ਲੋਕ ਆਪਣੇ ਘਰਾਂ ਨੂੰ ਛੱਡ ਕੇ ਦੂਜੇ ਪਿੰਡਾਂ ਜਾਂ ਜੰਗਲਾਂ ਵਿਚ ਚਲੇ ਗਏ। ਰਾਜਾ ਭੀਮ ਚੰਦ ਸਮਝਦਾ ਸੀ ਕਿ ਉਸ ਲਈ ਸਿੱਖਾਂ ਦੀ ਸ਼ਕਤੀ ਨੂੰ ਖਤਮ ਕਰਨਾ ਅਸੰਭਵ ਹੈ। ਇਸ ਲਈ ਉਸ ਨੇ ਮੁਗ਼ਲ ਸਰਕਾਰ ਅੱਗੇ ਸਹਾਇਤਾ ਲਈ ਬੇਨਤੀ ਕੀਤੀ। ਸਰਹਿੰਦ ਦੇ ਫੌਜਦਾਰ ਦੀ ਅਗਵਾਈ ਹੇਠ ਮੁਗ਼ਲ ਸੈਨਾ ਇਕੱਠੀ ਹੋਈ ੧੭੦੨ ਈ: ਨੂੰ ਇਕ ਪਾਸਿਓਂ ਭੀਮ ਚੰਦ ਦੀ ਸੈਨਾ ਅਤੇ ਦੂਜੇ ਪਾਸਿਓਂ ਮੁਗ਼ਲ ਸੈਨਾ ਨੇ ਹਮਲਾ ਕਰ ਦਿੱਤਾ। ਸਿੱਖਾਂ ਨੇ ਬੜੀ ਬਹਾਦਰੀ ਨਾਲ ਦੁਸ਼ਮਣਾਂ ਦਾ ਟਾਕਰਾ ਕੀਤਾ ਅਤੇ ਉਨ੍ਹਾਂ ਨੂੰ ਭੱਜ ਜਾਣ ਲਈ ਮਜਬੂਰ ਕਰ ਦਿੱਤਾ।ਹੁਣ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਸਹਿਤ ਨਿਰਮੋਹ ਨੂੰ ਛੱਡ ਕੇ ਸਤਲੁਜ ਪਾਰ ਕਰ ਕੇ ਬਸੋਲੀ ਵੱਲ ਜਾਣ ਦਾ ਨਿਸਚਾ ਕੀਤਾ ਪਰੰਤੂ ਸਿੱਖਾਂ ਨੇ ਅਜੇ ਨਦੀ ਨੂੰ ਪਾਰ ਵੀ ਨਹੀਂ ਸੀ ਕੀਤਾ ਕਿ ਵੈਰੀਆਂ ਦੀਆਂ ਸੈਨਾਵਾਂ ਨੇ ਫਿਰ ਉਨ੍ਹਾਂ 'ਤੇ ਧਾਵਾ ਬੋਲ ਦਿੱਤਾ ਸਤਲੁਜ ਦੇ ਕੰਢੇ ੩-੪ ਘੰਟੇ ਤਕ ਘਮਸਾਨ ਦੀ ਲੜਾਈ ਹੋਈ ਜਿਸ ਵਿਚ ਸਿੱਖ ਜੇਤੂ ਹੋਏ।

**੩. ਬਸੋਲੀ ਦੀ ਲੜਾਈ (੧੭੦੨ ਈ):-** ਸਤਲੁਜ ਨਦੀ ਪਾਰ ਕਰ ਕੇ ਗੁਰੂਸਾਹਿਬ ਅਤੇ ਉਨ੍ਹਾਂ ਦੇ ਸਿੱਖ ਬਸੋਲੀ ਵਿਖੇ ਚਲੇ ਗਏ ਰਾਜਾ ਭੀਮ ਚੰਦ ਨੇ ਗੁਰੂ ਸਾਹਿਬ ਦਾ ਪਿੱਛਾ ਕਰਨ ਲਈ ਬਸੋਲੀ ਵੱਲ ਸੈਨਾ ਭੇਜੀ ਪਰੰਤੂ ਸਿੱਖਾਂ ਨੇ ਇਸ ਸੈਨਾ ਨੂੰ ਹਰਾ ਕੇ ਭਜਾ ਦਿੱਤਾ ਅਤੇ ਭੀਮ ਚੰਦ ਦੇ ਇਲਾਕਿਆਂ ਉੱਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਸਿੱਖਾਂ ਦੀ ਇਸ ਜਿੱਤ ਨਾਲ ਭੀਮ ਚੰਦ ਬਹੁਤ ਡਰ ਗਿਆ ਅਤੇ ਉਸ ਨੇ ਇਨ੍ਹਾਂ ਹਾਲਤਾਂ ਵਿਚ ਗੁਰੂ ਜੀ ਨਾਲ ਸੰਧੀ ਕਰਨ ਵਿਚ ਸਿਆਣਪ ਸਮਝੀ। ਇਹ ਸੰਧੀ ੧੭੦੨ ਈ: ਦੇ ਮੱਧ ਵਿਚ ਹੋਈ ਅਤੇ ਇਸ ਦੇ ਫਲਸਰੂਪ ਗੁਰੂ ਜੀ ਫਿਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਆ ਗਏ।

**੪. ਸ੍ਰੀ ਅਨੰਦਪੁਰ ਸਾਹਿਬ ਦੀ ਦੂਜੀ ਲੜਾਈ (੧੭੦੪ ਈ):-** ਗੁਰੂ ਸਾਹਿਬ ਦੀ ਵਧਦੀ ਹੋਈ ਸ਼ਕਤੀ ਨੂੰ ਵੇਖ ਕੇ ਪਹਾੜੀ ਰਾਜੇ ਫਿਰ ਉਨ੍ਹਾਂ ਨਾਲ ਈਰਖਾ ਕਰਨ ਲੱਗ ਪਏ ਅਤੇ ਉਨ੍ਹਾਂ ਨੇ ਗੁਰੂ ਜੀ ਨੂੰ ਸ੍ਰੀ ਅਨੰਦਪੁਰ ਸਾਹਿਬ ਛੱਡ ਜਾਣ ਲਈ ਕਿਹਾ। ਗੁਰੂ ਸਾਹਿਬ ਨੇ ਬਿਨ੍ਹਾਂ ਉੱਤਰ ਦਿੱਤੇ ਸ੍ਰੀ ਅਨੰਦਪੁਰ ਸਾਹਿਬ ਵਿਚ ਰੱਖਿਆ-ਪ੍ਰਬੰਧ ਮਜ਼ਬੂਤ ਕਰਨੇ ਅਰੰਭ ਕਰ ਦਿੱਤੇ ਪਰੰਤੂ ਪਹਾੜੀ ਰਾਜਿਆਂ ਦੀਆਂ ਮਿਲਵੀਆਂ ਫੌਜਾਂ ਨੇ ਸ੍ਰੀ ਅਨੰਦਪੁਰ ਸਾਹਿਬ ਉੱਤੇ ਹਮਲਾ ਕਰ ਦਿੱਤਾ । ਗੁਰੂ ਸਾਹਿਬ ਨੇ ਬਹਾਦਰ ਸਿੱਖਾਂ ਦੀ ਸਹਾਇਤਾ ਨਾਲ ਇਕ ਵਾਰੀ ਫੇਰ ਵੈਰੀਆਂ ਨੂੰ ਭਾਂਜ ਦਿੱਤੀ ਅਤੇ ਵਾਪਸ ਜਾਣ ਲਈ ਮਜ਼ਬੂਰ ਕਰ ਦਿੱਤਾ।ਹੁਣ ਭੀਮ ਚੰਦ ਤੇ ਪਹਾੜੀ ਰਾਜਿਆਂ ਨੇ ਮੁਗ਼ਲ ਸਰਕਾਰ ਤੋਂ ਸਹਾਇਤਾ ਮੰਗੀ ਔਰੰਗਜ਼ੇਬ ਨੇ ਝੱਟ ਹੀ ਲਾਹੌਰ ਦੇ ਸੂਬੇਦਾਰ ਤੇ ਸਰਹਿੰਦ ਦੇ ਫੌਜਦਾਰ ਨੂੰ ਗੁਰੂ ਸਾਹਿਬ ਵਿਰੁੱਧ ਕਾਰਵਾਈ ਕਰਨ ਲਈ ਪਹਾੜੀ ਰਾਜਿਆਂ ਦੀ ਸਹਾਇਤਾ ਕਰਨ ਦਾ ਹੁਕਮ ਭੇਜਿਆ। ਸਰਹਿੰਦ ਦੇ ਫੌਜਦਾਰ ਵਜੀਰ ਖਾਂ ਦੀ ਅਗਵਾਈ ਹੇਠ ਵਿਸ਼ਾਲ ਮੁਗ਼ਲ ਸੈਨਾ ਇਕੱਠੀ ਕੀਤੀ ਗਈ। ਇਸ ਵਿਸ਼ਾਲ ਤੇ ਸ਼ਕਤੀਸ਼ਾਲੀ ਸੈਨਾ ਨੇ ਸ੍ਰੀ ਅਨੰਦਪੁਰ ਸਾਹਿਬ ਉੱਤੇ ਹੱਲਾ ਬੋਲ ਦਿੱਤਾ। ਸਿੱਖਾਂ ਨੇ ਕਿਲ੍ਹੇ ਅੰਦਰੋਂ ਦੁਸ਼ਮਣਾਂ ਦਾ ਡਟ ਕੇ ਮੁਕਾਬਲਾ ਕੀਤਾ ਹਮਲਾਵਾਰਾਂ ਨੇ ਸ੍ਰੀ ਅਨੰਦਪੁਰ ਸਾਹਿਬ ਨੂੰ ਚੌਹਾਂ ਪਾਸਿਉਂ ਘੇਰ ਲਿਆ ਅਤੇ ਕਿਲ੍ਹੇ ਵਿਚ ਜਾਣ ਅਤੇ ਆਉਣ ਦੇ ਸਾਰੇ ਰਸਤੇ ਰੋਕ ਲਏ। ਕਿਲ੍ਹੇ ਅੰਦਰ ਰਸਦ ਦੀ ਥੁੜ ਹੋਣ ਕਾਰਨ ਸਿੱਖਾਂ ਲਈ ਜਿਆਦਾ ਸਮੇਂ ਤਕ ਯੁੱਧ ਜਾਰੀ ਰੱਖਣਾ ਸੰਭਵ ਨਹੀਂ ਸੀ। ਕਈਆਂ ਸਿੱਖਾਂ ਨੇ ਗੁਰੂ ਸਾਹਿਬ ਅੱਗੇ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਹਾਰ ਮੰਨ ਕੇ ਕਿਲ੍ਹਾ ਛੱਡ ਦੇਣਾ ਚਾਹੀਦਾ ਹੈ, ਪਰ ਗੁਰੂ ਸਾਹਿਬ ਨਾ ਮੰਨੇ। ਇਸ ਉਪਰੰਤ ਚਾਲ੍ਹੀ ਸਿੱਖ ਬੇਦਾਵਾ ਲਿਖ ਗੁਰੂ ਸਾਹਿਬ ਦਾ ਸਾਥ ਛੱਡ ਗਏ। ਜਦ ਕਿਲ੍ਹੇ ਅੰਦਰ ਸਿੱਖ ਭੁੱਖ-ਤ੍ਰੇਹ ਨਾਲ ਤੜਫਨ ਲੱਗੇ ਤਾਂ ਗੁਰੂ ਸਾਹਿਬ ਨੇ ਮਜਬੂਰ ਹੋ ਕੇ ਮਾਤਾ ਗੁਜਰੀ ਜੀ ਦੇ ਕਹਿਣ 'ਤੇ ਸ੍ਰੀ ਅਨੰਦਪੁਰ ਸਾਹਿਬ ਛੱਡ ਦਿੱਤਾ। ਇਹ ਇਕ ਠੰਡੀ ਹਨ੍ਹੇਰੀ ਅਤੇ ਵਰਖਾ ਦੀ ਰਾਤ ਸੀ ਜਦੋਂ ਗੁਰੂ ਸਾਹਿਬ ਨੇ ਆਪਣੇ ਪਰਵਾਰ ਅਤੇ ਲਗਭਗ ੧੫੦੦ ਸਿੱਖਾਂ ਸਹਿਤ ਸ੍ਰੀ ਅਨੰਦਪੁਰ ਸਾਹਿਬ ਨੂੰ ਛੱਡਿਆ।

**੫. ਸ਼ਾਹੀ ਟਿੱਬੀ ਦੀ ਲੜਾਈ:** ਜਿਉਂ ਹੀ ਦੁਸ਼ਮਣਾਂ ਨੂੰ ਪਤਾ ਲੱਗਾ ਕਿ ਗੁਰੂ ਜੀਰਾਤ ਦੇ ਹਨ੍ਹੇਰੇ ਵਿਚ ਕਿਲ੍ਹਾ ਖਾਲੀ ਕਰ ਗਏ ਹਨ ਤਾਂ ਉਨ੍ਹਾਂ ਤੁਰੰਤ ਸ੍ਰੀ ਅਨੰਦਪੁਰ ਸਾਹਿਬ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਅਤੇ ਸਿੱਖਾਂ ਦਾ ਪਿੱਛਾ ਕੀਤਾ। ਗੁਰੂ ਜੀ ਭਾਈ ਉਦੇ ਸਿੰਘ ਜੀ ਦੀ ਅਗਵਾਈ ਹੇਠ ੫੦ ਸਿੱਖਾਂ ਦੇ ਜਥੇ ਨੂੰ ਵੈਰੀਆਂ ਨੂੰ ਰੋਕਣ ਦਾ ਕੰਮ ਸੌਂਪਿਆ ਸ਼ਾਹੀ ਟਿੱਬੀ ਨਾਮੀ ਥਾਂ 'ਤੇ ਭਾਈ ਉਦੇ ਸਿੰਘ ਨੇ ਆਪਣੇ ਮੁੱਠੀ ਭਰ ਸੈਨਿਕਾਂ ਸਹਿਤ ਵੈਰੀਆਂ ਦੀ ਵਿਸ਼ਾਲ ਸੈਨਾ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਵੈਰੀਆਂ ਦੇ ਸੈਂਕੜੇ ਹੀ ਸੈਨਿਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਪਰੰਤੂ ਉਦੇ ਸਿੰਘ ਸਮੇਤ ਸਾਰੇ ੫੦ ਸਿੱਖ ਇਸ ਲੜਾਈ ਵਿਚ ਸ਼ਹੀਦੀ ਪਾ ਗਏ।

**੬. ਸਰਸਾ ਦੀ ਲੜਾਈ:-** ਜਦੋਂ ਗੁਰੂ ਜੀ ਤੇ ਉਨ੍ਹਾਂ ਦੇ ਸਾਥੀ ਸਰਸਾ ਨਦੀ 'ਤੇਪਹੁੰਚੇ ਤਾਂ ਉਨ੍ਹਾਂ ਨੂੰ ਸਮਾਚਾਰ ਮਿਲਿਆ ਕਿ ਦੁਸ਼ਮਣ ਸੈਨਾ ਉਨ੍ਹਾਂ ਦਾ ਪਿੱਛਾ ਕਰਨ ਲਈ ਬੜੀ ਤੇਜ਼ੀ ਨਾਲ ਅੱਗੇ ਵਧ ਰਹੀ ਹੈ ਤਾਂ ਉਨ੍ਹਾਂ ਦੇ ਉੱਘੇ ਸਿੱਖ ਭਾਈ ਜੀਵਨ ਸਿੰਘ (ਜਿਸ ਦਾ ਪਹਿਲਾ ਨਾਮ ਜੈਤਾ ਸੀ ਅਤੇ ਜੋ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਦਿੱਲੀ ਤੋਂ ਚੱਕ ਨਾਨਕੀ ਲਿਆਇਆ ਸੀ) ਨੂੰ ੧੦੦ ਸਿੱਖਾਂ ਸਹਿਤ ਵੈਰੀਆਂ ਦੀ ਸੈਨਾ ਨੂੰ ਰੋਕਣ ਦਾ ਹੁਕਮ ਦਿੱਤਾ। ਇਨ੍ਹਾਂ ੧੦੦ ਸਿੱਖਾਂ ਨੇ ਸਰਸਾ ਨਦੀ ਦੇ ਕੰਢੇ ਭਾਈ ਜੀਵਨ ਸਿੰਘ ਦੀ ਅਗਵਾਈ ਹੇਠ ਵੈਰੀਆਂ ਨਾਲ ਯੁੱਧ ਕੀਤਾ ਜਿਸ ਵਿਚ ਉਨ੍ਹਾਂ ਵੈਰੀਆਂ ਨੂੰ ਬਹੁਤ ਨੁਕਸਾਨ ਪਹੁੰਚਾਇਆ ਅਤੇ ਸਾਰੇ ਦੇ ਸਾਰੇ ਸਿੱਖਾਂ ਨੇ ਆਪਣੇ ਜੀਵਨ ਕੁਰਬਾਨ ਕਰ ਦਿੱਤੇ। ਉਸ ਸਮੇਂ ਸਰਸਾ ਨਦੀ ਵਿਚ ਹੜ੍ਹ ਆਇਆ ਹੋਇਆ ਸੀ। ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸੈਂਕੜੇ ਸਿੱਖ ਘੋੜਿਆਂ ਸਮੇਤ ਦਰਿਆ ਵਿਚ ਕੁੱਦ ਪਏ। ਇਸ ਭੱਜ-ਦੌੜ ਵਿਚ ਬਹੁਤ ਸਾਰੇ ਸਿੱਖ ਦਰਿਆ ਵਿਚ ਡੁੱਬ ਗਏ। ਬੜਾ ਹੀ ਅਨਮੋਲ ਸਿੱਖ ਸਾਹਿਤ ਵੀ ਨਦੀ ਵਿਚ ਰੁੜ ਗਿਆ ਤੇ ਹਮੇਸ਼ਾਂ ਲਈ ਖਤਮ ਹੋ ਗਿਆ ਅਤੇ ਗੁਰੂ ਸਾਹਿਬ ਦੇ ਪਰਵਾਰ ਦੇ ਜੀਅ ਵੀ ਉਨ੍ਹਾਂ ਤੋਂ ਵਿੱਛੜ ਗਏ।

**੭. ਗੁਰੂ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ:-** ਸਰਸਾ ਨਦੀ ਪਾਰਕਰਦੇ ਸਮੇਂ ਭੱਜ-ਦੌੜ ਮੱਚ ਜਾਣ ਕਾਰਨ ਗੁਰੂ ਸਾਹਿਬ ਜੀ ਦੀ ਮਾਤਾ, ਮਾਤਾ ਗੁਜਰੀ ਜੀ ਅਤੇ ਉਨ੍ਹਾਂ ਦੇ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਉਨ੍ਹਾਂ ਤੋਂ ਨਿਖੜ ਗਏ। ਇਹ ਤਿੰਨੇ ਸਹੇੜੀ ਨਾਮੀ ਪਿੰਡ ਵਿਚ ਚਲੇ ਗਏ ਜਿੱਥੇ ਪਰਵਾਰ ਦੇ ਪੁਰਾਣੇ ਨੌਕਰ ਗੰਗੂ ਦੇ ਵਿਸ਼ਵਾਸਘਾਤ ਦੇ ਕਾਰਨ ਉਨ੍ਹਾਂ ਨੂੰ ਮੋਰਿੰਡਾ ਦੇ ਕੋਤਵਾਲ ਦੇ ਹਵਾਲੇ ਕਰ ਦਿੱਤਾ ਗਿਆ। ਕੋਤਵਾਲ ਨੇ ਉਨ੍ਹਾਂ ਨੂੰ ਸਰਹਿੰਦ ਭੇਜ ਦਿੱਤਾ।ਸਰਹਿੰਦ ਦੇ ਫੌਜਦਾਰ ਵਜੀਰ ਖਾਂ ਨੇ ਸਾਹਿਬਜ਼ਾਦਿਆਂ ਨੂੰ ਇਸਲਾਮ ਧਰਮ ਸਵੀਕਾਰ ਕਰਨ ਲਈ ਕਿਹਾ ਅਤੇ ਇਨਕਾਰ ਕਰ ਦੇਣ ਕਰਕੇ ਬੜੀ ਨਿਰਦੈਤਾ ਨਾਲ ਉਨ੍ਹਾਂ ਨੂੰ ਜੀਉਂਦਿਆਂ ਹੀ ਦੀਵਾਰਾਂ ਵਿਚ ਚਿਣਵਾ ਕੇ ਸ਼ਹੀਦ ਕਰ ਦਿੱਤਾ। ਮਾਤਾ ਗੁਜਰੀ ਜੀ ਨੇ ਆਪਣੇ ਪੋਤਰਿਆਂ ਦੇ ਦੁੱਖ ਕਾਰਨ ਆਪਣੇ ਪ੍ਰਾਣ ਤਿਆਗ ਦਿੱਤੇ।

**੮. ਚਮਕੌਰ ਸਾਹਿਬ ਦੀ ਲੜਾਈ (੧੭੦੪ ਈ) :-** ਸਰਸਾ ਨਦੀ ਨੂੰ ਪਾਰਕਰਨ ਪਿੱਛੋਂ ਗੁਰੂ ਸਾਹਿਬ ਆਪਣੇ ਕੁਝ ਸਿੱਖਾਂ ਅਤੇ ਦੋ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਸਮੇਤ ਕੋਟਲਾ ਨਿਹੰਗ ਖਾਂ ਵਿਚ ਉਸ ਜ਼ਿਮੀਂਦਾਰ ਨਿਹੰਗ ਖਾਂ ਦੇ ਘਰ ਠਹਿਰੇ ਜੋ ਸਿੱਖ ਗੁਰੂ ਸਾਹਿਬਾਨ ਦਾ ਸ਼ਰਧਾਲੂ ਸੀ।ਕੋਟਲਾ ਨਿਹੰਗ ਖਾਂ ਤੋਂ ਗੁਰੂ ਜੀ ਚਮਕੌਰ ਦੀ ਗੜ੍ਹੀ ਵੱਲ ਵਧੇ। ਵੈਰੀਆਂ ਦੀ ਫੌਜ ਵੀ ਚਮਕੌਰ ਸਾਹਿਬ ਆ ਪਹੁੰਚੀ। ਇਸ ਸਮੇਂ ਗੁਰੂ ਜੀ ਨਾਲ ਕੇਵਲ ੪੦ ਸਿੱਖ ਸਨ।ਜਿਨ੍ਹਾਂ ਨੇ ਅਦਭੁਤ ਦਲੇਰੀ ਤੇ ਬਹਾਦਰੀ ਨਾਲ ਵੈਰੀਆਂ ਦਾ ਮੁਕਾਬਲਾ ਕੀਤਾ ਜੋ ਹਜ਼ਾਰਾਂ ਦੀ ਗਿਣਤੀ ਵਿਚ ਸਨ। ਇਤਿਹਾਸਕਾਰ ਲਤੀਫ ਲਿਖਦਾ ਹੈ " ਗੁਰੂ ਸਾਹਿਬ ਆਪ ਬੜੀ ਬਹਾਦਰੀ ਨਾਲ ਲੜੇ ਅਤੇ ਉਨ੍ਹਾਂ ਨੇ ਆਪਣੇ ਹੱਥੀਂ ਸ਼ਾਹੀ ਸੈਨਾ ਦੇ ਸੈਨਾਪਤੀ ਨਾਹਰ ਖਾਂ ਨੂੰ ਮਾਰ ਦਿੱਤਾ ਅਤੇ ਇਕ ਹੋਰ ਸੈਨਾ ਨਾਇਕ ਖਵਾਜਾ ਮੁਹੰਮਦ ਨੂੰ ਘਾਇਲ ਕਰ ਦਿੱਤਾ"। ਗੁਰੂ ਸਾਹਿਬ ਦੇ ਦੋਹਾਂ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਨੇ ਇਸ ਲੜਾਈ ਵਿਚ ਆਪਣੀ ਅਤੁਲ ਬਹਾਦਰੀ ਦਾ ਸਬੂਤ ਦਿੱਤਾ ਅਤੇ ਵੈਰੀਆਂ ਦੇ ਕਈ ਸੈਨਿਕਾਂ ਨੂੰ ਮਾਰ ਕੇ ਸ਼ਹੀਦੀਆਂ ਪ੍ਰਾਪਤ ਕਰ ਗਏ। ਪੰਜ ਪਿਆਰਿਆਂ ਵਿੱਚੋਂ ਤਿੰਨ ਪਿਆਰੇ ਵੀ ਲੜਦੇ ਹੋਏ ਇਸ ਲੜਾਈ ਵਿਚ ਸ਼ਹੀਦ ਹੋ ਗਏ। ਅੰਤ ੪੦ ਸਿੱਖਾਂ ਵਿੱਚੋਂ ਕੇਵਲ ਥੋੜ੍ਹੇ ਜਿਹੇ ਸਿੱਖ ਹੀ ਜੀਉਂਦੇ ਰਹਿ ਗਏ ਅਤੇ ਇਨ੍ਹਾਂ ਪੰਜਾਂ ਨੇ ਗੁਰੂ ਸਾਹਿਬ ਅੱਗੇ ਪ੍ਰਾਰਥਨਾ ਕੀਤੀ ਕਿ ਉਨ੍ਹਾਂ ਨੂੰ ਆਪਣੇ ਜੀਵਨ ਦੀ ਰੱਖਿਆ ਲਈ ਗੜ੍ਹੀ ਨੂੰ ਛੱਡ ਦੇਣਾ ਚਾਹੀਦਾ ਹੈ ਤਾਂ ਜੋ ਉਹ ਮੁਗ਼ਲ ਅੱਤਿਆਚਾਰਾਂ ਵਿਰੁੱਧ ਸੰਘਰਸ਼ ਜਾਰੀ ਰੱਖਣ। ਗੁਰੂ ਸਾਹਿਬ ਨੇ ਬੇਨਤੀ ਨੂੰ ਸਵੀਕਾਰ ਕਰ ਲਿਆ ਅਤੇ ਰਾਤ ਦੇ ਹਨ੍ਹੇਰੇ ਵਿਚ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਤਿੰਨ ਸਿੱਖ ਇੱਕ ਇੱਕ ਕਰ ਕੇ ਗੜ੍ਹੀ ਵਿੱਚੋਂ ਬਾਹਰ ਨਿਕਲ ਗਏ ਅਤੇ ਵੱਖਰੇ-ਵੱਖਰੇ ਰਾਹ ਪੈ ਗਏ। ਭਾਈ ਸੰਤ ਸਿੰਘ ਅਤੇ ਭਾਈ ਸੰਗਤ ਸਿੰਘ ਨਾਮੀ ਦੋ ਸਿੱਖ ਗੜ੍ਹੀ ਵਿਚ ਰਹਿ ਗਏ ਜਿਨ੍ਹਾਂ ਨੂੰ ਅਗਲੇ ਦਿਨ ਵੈਰੀਆਂ ਨੇ ਗ੍ਰਿਫ਼ਤਾਰ ਕਰ ਕੇ ਅਗਲੇ ਦਿਨ ਸ਼ਹੀਦ ਕਰ ਦਿੱਤਾ।

**੯. ਗੁਰੂ ਸਾਹਿਬ ਮਾਛੀਵਾੜਾ ਵਿਖੇ:-** ਚਮਕੌਰ ਸਾਹਿਬ ਤੋਂ ਗੁਰੂ ਜੀ ਇਕੱਲੇਹੀ ਮਾਛੀਵਾੜੇ ਦੇ ਜੰਗਲਾਂ ਵਿਚ ਪਹੁੰਚ ਗਏ। ਇੱਥੇ ਉਨ੍ਹਾਂ ਦੇ ਤਿੰਨ ਸ਼ਰਧਾਲੂ ਸਿੱਖ ਭਾਈ ਧਰਮ ਸਿੰਘ, ਭਾਈ ਦਯਾ ਸਿੰਘ ਤੇ ਭਾਈ ਮਾਨ ਸਿੰਘ ਉਨ੍ਹਾਂ ਨੂੰ ਆ ਮਿਲੇ। ਗੁਲਾਬ ਸਿੰਘ ਨਾਮੀ ਗੁਰੂ ਸਾਹਿਬ ਦਾ ਇਕ ਪੁਰਾਣਾ ਮਸੰਦ ਉਨ੍ਹਾਂ ਨੂੰ ਮਾਛੀਵਾੜੇ ਆਪਣੇ ਘਰ ਲੈ ਗਿਆ ਅਤੇ ਬੜੀ ਸੇਵਾ ਕੀਤੀ। ਉਸ ਨੇ ਨਬੀ ਖਾਂ ਅਤੇ ਗਨੀ ਖਾਂ ਦੋ ਪਠਾਨ ਭਰਾ ਜੋ ਗੁਰੂ ਸਾਹਿਬ ਦੇ ਪੁਰਾਣੇ ਸ਼ਰਧਾਲੂ ਸਨ ਉਨ੍ਹਾਂ ਨੂੰ ਗੁਰੂ ਸਾਹਿਬ ਦੇ ਉੱਥੇ ਆਉਣ ਦੀ ਸੂਚਨਾ ਪਹੁੰਚਾ ਦਿੱਤੀ। ਇਨ੍ਹਾਂ ਦੋਵਾਂ ਭਰਾਵਾਂ ਨੇ ਗੁਰੂ ਜੀ ਨੂੰ ਆਪਣੇ ਘਰ ਵਿਚ ਆਸਰਾ ਦਿੱਤਾ ਕੁਝ ਸਮੇਂ ਪਿੱਛੋਂ ਜਦੋਂ ਵਜੀਰ ਖਾਂ ਦੇ ਸੂਹੀਏ ਗੁਰੂ ਸਾਹਿਬ ਦਾ ਪਤਾ ਲਾਉਣ ਲਈ ਉੱਧਰ ਆ ਪਹੁੰਚੇ ਤਾਂ ਨਬੀ ਖਾਂ ਤੇ ਗਨੀ ਖਾਂ ਨੇ ਗੁਰੂ ਸਾਹਿਬ ਨੂੰ ਮੁਸਲਮਾਨ ਪੀਰ ਦੇ ਨੀਲੇ ਕੱਪੜੇ ਪੁਆ ਦਿੱਤੇ ਅਤੇ ਉਨ੍ਹਾਂ ਨੂੰ ਮੰਜੇ 'ਤੇ ਬਿਠਾ ਕੇ ਆਪਣੇ ਮੋਢਿਆਂ ਉੱਤੇ ਚੁੱਕ ਲਿਆ। ਸੂਹੀਆਂ ਦੁਆਰਾ ਪੁੱਛੇ ਜਾਣ 'ਤੇ ਉਨ੍ਹਾਂ ਨੇ ਉੱਤਰ ਦਿੱਤਾ ਕਿ ਇਹ ਉਚ ਦੇ ਪੀਰ ਹਨ। ਇਸ ਤਰ੍ਹਾਂ ਦੋਵੇਂ ਪਠਾਨ ਭਰਾ ਗੁਰੂ ਸਾਹਿਬ ਨੂੰ ਸਹੀ ਸਲਾਮਤ ਖ਼ਤਰਨਾਕ ਇਲਾਕੇ ਤੋਂ ਦੂਰ ਆਲਮਗੀਰ ਨਾਮੀ ਸੁਰੱਖਿਅਤ ਸਥਾਨ 'ਤੇ ਛੱਡ ਗਏ। ਆਲਮਗੀਰ ਵਿਚ ਗੁਰੂ ਸਾਹਿਬ ਦੇ ਇਕ ਸ਼ਰਧਾਲੂ ਸਿੱਖ ਨੇ ਉਨ੍ਹਾਂ ਨੂੰ ਇਕ ਘੋੜਾ ਭੇਂਟ ਕੀਤਾ।

**੧੦. ਗੁਰੂ ਸਾਹਿਬ ਦੀਨਾ ਵਿਖੇ ਅਤੇ ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' :-**ਕਈਆਂ ਥਾਵਾਂ ਤੋਂ ਹੁੰਦੇ ਹੋਏ ਗੁਰੂ ਸਾਹਿਬ ਦੀਨਾ ਪਹੁੰਚੇ ਜਿੱਥੇ ਉਹ ਕੁਝ ਸਮੇਂ ਲਈ ਠਹਿਰੇ। ਦੀਨਾ ਵਿਖੇ ਗੁਰੂ ਜੀ ਨੇ ਸਮਰਾਟ ਔਰੰਗਜ਼ੇਬ ਦੇ ਨਾਮ ਫ਼ਾਰਸੀ ਵਿਚ ਇਕਪੱਤਰ ਲਿਖਿਆ ਜਿਸ ਨੂੰ 'ਜ਼ਫ਼ਰਨਾਮਾ" (ਅਰਥਾਤ ਵਿਜੈ ਪੱਤਰ) ਕਿਹਾ ਜਾਂਦਾ ਹੈ। ਇਸ ਪੱਤਰ ਵਿਚ ਉਨ੍ਹਾਂ ਨੇ ਔਰੰਗਜ਼ੇਬ ਉੱਪਰ ਵਚਨ ਤੋੜਨ ਦਾ ਇਲਜ਼ਾਮਲਗਾਇਆ ਅਤੇ ਮੁਗ਼ਲ ਸਰਕਾਰ ਦੀ ਅਨਿਆ ਪੂਰਨ ਨੀਤੀ ਕਾਰਨ ਸ਼ਸਤਰ ਚੁੱਕਣੇ ਉੱਚਿਤ ਦੱਸੇ। ਇਹ ਪੱਤਰ ਮੁਗ਼ਲ ਸਮਰਾਟ ਨੂੰ ਪਹੁੰਚਾਣ ਲਈ ਭਾਈ ਦਯਾ ਸਿੰਘ ਨੂੰ ਦੱਖਣੀ ਭਾਰਤ ਭੇਜਿਆ ਗਿਆ। ਦੀਨਾ ਵਿਖੇ ਹੀ ਗੁਰੂ ਜੀ ਨੂੰ ਸਮਾਚਾਰ ਮਿਲਿਆ ਕਿ ਸਰਹਿੰਦ ਦਾ ਫੌਜਦਾਰ ਵਜੀਰ ਖਾਂ ਉਨ੍ਹਾਂ ਵਿਰੁੱਧ ਇਕ ਵਿਸ਼ਾਲ ਸੈਨਾ ਭੇਜਣ ਦੀ ਤਿਆਰੀ ਕਰ ਰਿਹਾ ਹੈ। ਇਸ ਲਈ ਉਨ੍ਹਾਂ ਨੇ ਦੁਸ਼ਮਣ ਦਾ ਟਾਕਰਾ ਕਰਨ ਲਈ ਖਿਦਰਾਣਾ ਨਾਮੀ ਸਥਾਨ ਨੂੰ ਉੱਚਿਤ ਸਮਝਿਆ ਕਿਉਂਕਿ ਉਨ੍ਹਾਂ ਨੇ ਸੋਚਿਆ ਕਿ ਪਾਣੀ ਦੀ ਘਾਟ ਦੇ ਕਾਰਨ ਵੈਰੀਆਂ ਲਈ ਇੱਥੇ ਲੰਮੇ ਸਮੇਂ ਤਕ ਯੁੱਧ ਲੜਨਾ ਮੁਸ਼ਕਲ ਹੋਵੇਗਾ।

**੧੧. ਖਿਦਰਾਣਾ ਦੀ ਲੜਾਈ (੧੭੦੫ ਈ) :** ਗੁਰੂ ਸਾਹਿਬ ਨੇ ਲੱਖੀ ਜੰਗਲ ਵਿਚ ਖਿਦਰਾਣਾ ਦੀ ਢਾਬ ਨਾਮੀ ਸਥਾਨ 'ਤੇ ਡੇਰੇ ਲਾ ਲਏ। ਇੱਥੇ ਕਾਫੀ ਸੰਖਿਆ ਵਿਚ ਸਿੱਖ ਇਕੱਠੇ ਹੋ ਗਏ ਉਹ ੪੦ ਸਿੱਖ ਜੋ ਅਨੰਦਪੁਰ ਸਾਹਿਬ ਦੀ ਦੂਜੀ ਲੜਾਈ ਸਮੇਂ 'ਬੇਦਾਵਾ' ਲਿਖ ਕੇ ਗੁਰੂ ਸਾਹਿਬ ਦਾ ਸਾਥ ਛੱਡ ਗਏ ਸਨ ਉਹ ਵੀ ਗੁਰੂ ਸਾਹਿਬ ਤੋਂ ਖਿਮਾ ਮੰਗਣ ਲਈ ਆ ਪਹੁੰਚੇ।ਵਜੀਰ ਖਾਂ ਨੇ ੧੦੦੦੦ ਸੈਨਿਕਾਂ ਦੀ ਵਿਸ਼ਾਲ ਸੈਨਾ ਗੁਰੂ ਸਾਹਿਬ ਦੇ ਵਿਰੁੱਧ ਭੇਜੀ ਸਿੱਖਾਂ ਦੀ ਕੁੱਲ ਸੰਖਿਆ ੨੦੦੦ ਦੇ ਲੱਗਭਗ ਸੀ। ਖਿਦਰਾਣਾ ਵਿਖੇ ਘਮਸਾਨ ਦੀ ਲੜਾਈ ਹੋਈ ਇਸ ਲੜਾਈ ਵਿਚ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਿੱਖਾਂ ਨੇ ਅਦੁੱਤੀ ਬਹਾਦਰੀ ਦੇ ਜੌਹਰ ਦਿਖਾਏ ਅਤੇ ਦੁਸ਼ਮਣਾਂ ਨੂੰ ਬਹੁਤ ਹਾਨੀ ਪਹੁੰਚਾਈ। ਮੁਗ਼ਲਾਂ ਲਈ ਅਧਿਕ ਸਮੇਂ ਤਕ ਲੜਨਾ ਕਠਿਨ ਸੀ ਕਿਉਂਕਿ ਉਨ੍ਹਾਂ ਨੂੰ ਪੀਣ ਵਾਸਤੇ ਪਾਣੀ ਨਹੀਂ ਮਿਲਿਆ। ਉੱਥੇ ਪਾਣੀ ਦਾ ਇਕੋ ਤਲਾਅ ਸੀ ਜੋ ਸਿੱਖਾਂ ਦੇ ਅਧਿਕਾਰ ਵਿਚ ਸੀ। ਅੰਤ ਮੁਗ਼ਲ ਸੈਨਾ ਨੂੰ ਹਾਰ ਮੰਨ ਕੇ ਭੱਜ ਜਾਣਾ ਪਿਆ ਅਤੇ ਗੁਰੂ ਸਾਹਿਬ ਨੂੰ ਸ਼ਾਨਦਾਰ ਜਿੱਤ ਪ੍ਰਾਪਤ ਹੋਈ। ਪਰੰਤੂ ਉਹ ਸਾਰੇ ੪੦ ਸਿੱਖ ਇਸ ਲੜਾਈ ਵਿਚ ਸ਼ਹੀਦ ਹੋ ਗਏ ਜੋ ਗੁਰੂ ਸਾਹਿਬ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਛੱਡ ਕੇ ਚਲੇ ਗਏ ਸਨ। ਗੁਰੂ ਸਾਹਿਬ ਉਨ੍ਹਾਂ ਦੀ ਬਹਾਦਰੀ ਤੇ ਕੁਰਬਾਨੀ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਗੁਰੂ ਜੀ ਨੇ ਉਨ੍ਹਾਂ ਦੇ ਨੇਤਾ ਭਾਈ ਮਹਾਂ ਸਿੰਘ ਦੇ ਸਾਹਮਣੇ ਜੋ ਅਖੀਰਲੇ ਸਾਹ ਗਿਣ ਰਿਹਾ ਸੀ ਬੇਦਾਵਾ ਪਾੜ ਦਿੱਤਾ। ਗੁਰੂ ਸਾਹਿਬ ਨੇ ਇਨ੍ਹਾਂ ੪੦ ਸਿੱਖਾਂ ਨੂੰ ਮੁਕਤੀ ਦਾ ਵਰ ਬਖ਼ਸ਼ਿਆ ਉਨ੍ਹਾਂ ਨੂੰ ਸਿੱਖ ਇਤਿਹਾਸ ਵਿਚ ਹੁਣ ਤਕ ਚਾਲ੍ਹੀ ਮੁਕਤੇ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ ਅਤੇ ਉਹ ਸਦਾ ਲਈ ਅਮਰ ਹੋ ਗਏ। ਉਨ੍ਹਾਂ ਦੀ ਯਾਦ ਵਿਚ ਹੀ ਖਿਦਰਾਣਾ ਦਾ ਨਾਮ ਸ੍ਰੀ ਮੁਕਤਸਰ ਸਾਹਿਬ ਪੈ ਗਿਆ।

**-ਦਲਜੀਤ ਸਿੰਘ**

# ਸਿੱਖ ਕਿਰਦਾਰ ਬਾਰੇ ਵਿਦੇਸ਼ੀਆਂ ਦੇ ਵਿਚਾਰ

ਨਾਦਰਸ਼ਾਹ ਦੀ ਭਵਿੱਖਬਾਣੀ:ਕੰਧਾਰ ਦੇ ਲੁਟੇਰੇ ਨਾਦਰਸ਼ਾਹ ਨੇ ਸੰਨ 1739 ਈਸਵੀ ਵਿੱਚ ਭਾਰਤ 'ਤੇ ਹਮਲਾ ਕੀਤਾ ਸੀ। ਦਿੱਲੀ ਨੂੰ ਜਿੱਤਣ ਤੋਂ ਬਾਅਦ ਉਹ ਅਰਬਾਂ ਰੁਪਏ ਦੇ ਲੁਟ ਦੇ ਮਾਲ ਨਾਲ ਹੀ ਹਜ਼ਾਰਾਂ ਦੀ ਗਿਣਤੀ ਵਿੱਚ ਸੁੰਦਰ ਲੜਕੀਆਂ ਅਤੇ ਗੁਲਾਮ ਆਪਣੇ ਅੱਗੇ ਲਾ ਕੇ ਲਾਹੌਰ ਪਹੁੰਚਿਆ। ਲਾਹੌਰ ਦੇ ਸੂਬੇ ਤੋਂ ਇੱਕ ਕਰੋੜ ਰੁਪਿਆ ਖਰਾਜ ਵਜੋਂ ਲੈ ਕੇ, ਦਰਿਆ ਰਾਵੀ ਪਾਰ ਕਰਨ ਲੱਗਾ ਤਾਂ ਜੰਗਲ ਵਿੱਚ ਛੁਪੇ ਸਿੱਖਾਂ ਨੇ ਚਾਣਚੱਕ ਹੱਲਾ ਬੋਲ ਕੇ ਨਾਦਰਸ਼ਾਹ ਦਾ ਖਜ਼ਾਨਾ ਲੁੱਟ ਲਿਆ ਅਤੇ ਕੈਦ ਕੀਤੀਆਂ ਲੜਕੀਆਂ ਤੇ ਗੁਲਾਮਾਂ ਨੂੰ ਵੀ ਛੁਡਾ ਲਿਆ।ਨਾਦਰਸ਼ਾਹ ਨੇ ਜ਼ਕਰੀਏ ਨੂੰ ਬੁਲਾ ਕੇ ਪੁੱਛਿਆ ਕਿ ਇਹ ਲੁਟੇਰੇ ਕੌਣ ਹਨ?ਜ਼ਕਰੀਏ ਨੇ ਉਤਰ ਦਿੱਤਾ, "ਹਜ਼ੂਰ, ਇਹ ਲੁਟੇਰੇ ਸਿੱਖ ਹਨ। ਅਸੀਂ ਕਈ ਵਾਰ ਇਨ੍ਹਾਂ ਦਾ ਖੁਰਾ-ਖੋਜ ਮਿਟਾ ਚੁਕੇ ਹਾਂ। ਪਤਾ ਨਹੀਂ ਇਹ ਫਿਰ ਕਿੱਥੋਂ ਹਜ਼ਾਰਾਂ ਦੀ ਗਿਣਤੀ ਵਿੱਚ ਆ ਜਾਂਦੇ ਹਨ ਅਤੇ ਲੱਖਾਂ ਰੁਪਿਆਂ ਦਾ ਖਜ਼ਾਨਾ ਲੁੱਟ ਕੇ ਜੰਗਲ ਵਿੱਚ ਅਲੋਪ ਹੋ ਜਾਂਦੇ ਹਨ?"ਕੁੱਝ ਪਲ ਚੁੱਪ ਰਹਿ ਕੇ ਨਾਦਰਸ਼ਾਹ ਨੇ ਕਿਹਾ ਕਿ ਇਨ੍ਹਾਂ ਸਿੱਖਾਂ ਤੋਂ ਖਬਰਦਾਰ ਰਹਿਣਾ ਚਾਹੀਦਾ ਹੈ। ਇੱਕ ਦਿਨ ਇਹ ਪੰਜਾਬ 'ਤੇ ਰਾਜ ਕਰਨਗੇ।ਕੁੱਝ ਸਾਲਾਂ ਪਿੱਛੋਂ ਹੀ ਪੰਜਾਬ ਵਿੱਚ ਸਿੱਖ ਰਾਜ ਕਾਇਮ ਹੋ ਗਿਆ, ਜਿਸ ਦੀ ਹੱਦ ਪਿਸ਼ਾਵਰ ਤੋਂ ਲੈ ਕੇ ਕਸ਼ਮੀਰ ਤੋਂ ਅੱਗੇ ਲੱਦਾਖ ਤੱਕ ਜਾ ਮਿਲਦੀ ਸੀ।ਨਾਦਰਸ਼ਾਹ ਦੇ ਜਾਣ ਤੋਂ ਬਾਅਦ ਜ਼ਕਰੀਏ ਨੇ ਸਿੱਖਾਂ 'ਤੇ ਅਤਿ ਦਰਜੇ ਦੇ ਭਿਆਨਕ ਜ਼ੁਲਮ ਕੀਤੇ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਸਿੰਘ ਸ਼ਹੀਦ ਹੋਏ ਅਤੇ ਬਾਕੀ ਦੇ ਲੱਖੀ ਜੰਗਲ ਵਿੱਚ ਛੁਪ ਗਏ। ਜ਼ਕਰੀਏ ਨੇ ਸਿੱਖਾਂ ਦੀ ਹਾਲਤ ਦਾ ਅੰਦਾਜ਼ਾ ਲਾਉਣ ਲਈ ਆਪਣੇ ਸੂਹੀਏ ਭੇਜੇ। ਉਨ੍ਹਾਂ ਨੇ ਜ਼ਕਰੀਏ ਨੂੰਰਿਪੋਰਟ ਪੁਚਾਈ :ਸਿੱਖ ਜੰਗਲ ਵਿੱਚ ਦੋਵੇਂ ਵੇਲੇ ਕੀਰਤਨ ਕਰਦੇ ਹਨ। ਦਿਨ ਵੇਲੇ ਕੋਈ ਮਹਾਂਪ੍ਰਸ਼ਾਦਿ ਤਿਆਰ ਕਰਦਾ ਹੈ। ਕੁੱਝ ਆਪਣੇ ਘੋੜਿਆਂ ਦੀ ਮਾਲਿਸ਼ ਕਰਦੇ ਹਨ। ਕੁੱਝ ਆਪਣੇ ਹਥਿਆਰ ਤੇਜ਼ ਕਰਦੇ ਹਨ। ਕੁੱਝ ਸ਼ਿਕਾਰ ਕਰਨ ਲਈ ਚਲੇ ਜਾਂਦੇ ਹਨ। ਕਈ ਬੰਦੂਕ ਦਾ ਨਿਸ਼ਾਨਾ ਲਾਉਣ ਦਾ ਅਭਿਆਸ ਕਰਦੇ ਹਨ। ਭੁਝੰਗੀ ਸਿੰਘ, ਆਪਣੇ ਤੋਂ ਵਡਿਆਂ ਅਤੇ ਵਿਦਵਾਨ ਤੇ ਸੰਤ ਸਰੂਪ ਬਜੁਰਗਾਂ ਦੀ ਮੁੱਠੀ-ਚਾਪੀ ਕਰਦੇ ਹਨ। ਕਈ ਜੰਗਲ ਵਿੱਚੋਂ ਲੰਗਰ ਲਈ ਲਕੜੀਆਂ ਲਿਆ ਰਹੇ ਹਨ, ਜਾਂ ਦੂਰੋਂ-ਦੂਰੋਂ ਪਾਣੀ ਲਿਆ ਕੇ ਸਿੰਘਾਂ ਨੂੰ ਇਸ਼ਨਾਨ ਕਰਾਉਂਦੇ ਹਨ। ਕਈ ਕਛਹਿਰੇ ਸੀਂਦੇ ਹਨ। ਉਥੇ ਕੋਈ ਕਿਸੇ ਨੂੰ ਛੋਟਾ ਵੱਡਾ ਨਹੀਂ ਸਮਝਦਾ। ਸਭ ਬਰਾਬਰ ਦੇ ਸਮਝੇ ਜਾਂਦੇ ਹਨ।ਸਿੰਘਾਂ ਦੀ ਚੜ੍ਹਦੀ ਕਲਾ ਦੀ ਇਹ ਖਬਰ ਸੁਣ ਕੇ ਜ਼ਕਰੀਆ ਹੈਰਾਨ ਰਹਿ ਗਿਆ।2. ਕਾਜੀ ਨੂਰ ਮੁਹੰਮਦ :ਪ੍ਰਸਿੱਧ ਇਤਿਹਾਸਕਾਰ ਕਾਜ਼ੀ ਨੂਰ ਮੁਹੰਮਦ ਸੰਨ 1764 ਵਿੱਚ ਅਹਿਮਦਸ਼ਾਹ ਦੇ ਸਤਵੇਂ ਹਮਲੇ ਸਮੇਂ, ਦੁਰਾਨੀ ਫੌਜਾਂ ਨਾਲ ਭਾਰਤ ਆਇਆ ਸੀ। ਸਿੱਖਾਂ ਨਾਲ ਹੋਈਆਂ ਲੜਾਈਆਂ ਦਾ ਹਾਲ ਉਸ ਨੇ ਆਪਣੇ ਜੰਗਨਾਮੇ ਵਿੱਚ ਦੱਸਿਆ ਹੈ। ਉਸਨੇ ਸਿੱਖ ਦੀ ਥਾਂ 'ਸਗ' ਪਦ ਦੀ ਵਰਤੋਂ ਕੀਤੀ ਹੈ।ਇਸ ਦੇ ਬਾਵਜੂਦ ਉਸਨੇ ਸਿੱਖਾਂ ਬਾਰੇ ਲਿਖਿਆ ਹੈ :ਉਨ੍ਹਾਂ ਨੂੰ ਸਗ (ਕੁੱਤੇ) ਨਾ ਕਹੋ, ਕਿਉਂਕਿ ਉਹ ਮੈਦਾਨ ਵਿੱਚ ਸ਼ੇਰਾਂ ਵਾਂਗ ਬੜੀ ਬਹਾਦਰੀ ਨਾਲ ਲੜਦੇ ਹਨ। ਜੇ ਤੁਸਾਂ ਲੜਾਈ ਦੀ ਤਕਨੀਕ ਤੋਂ ਜਾਣੂ ਹੋਣਾ ਹੋਵੇ, ਤਾਂ ਉਨ੍ਹਾਂ ਤੋਂ ਸਿਖੋ। ਉਹ ਲੜਾਈ ਦੇ ਕਰਤਬ ਇਸ ਯੋਗਤਾ ਨਾਲ ਦਰਸਾਉਣਗੇ ਕਿ ਤੁਸੀਂ ਅਸ਼-ਅਸ਼ ਕਰ ਉਠੋਗੇ। ਜਦੋਂ ਉਹ ਤਲਵਾਰ ਲੈ ਕੇ ਮੈਦਾਨੇ -ਜੰਗ ਵਿੱਚ ਨਿਕਲਦੇ ਹਨ ਤਾਂ ਦੁਸ਼ਮਣਾਂ ਦੀਆਂ ਸਫਾਂ ਚੀਰਦੇ ਚਲੇ ਜਾਂਦੇ ਹਨ। ਜਦੋਂ ਉਹ ਤੀਰ ਕਮਾਨ ਦਾ ਚਿੱਲਾ ਆਪਣੇ ਕੰਨਾਂ ਤੱਕ ਖਿਚ ਕੇ ਚੜ੍ਹਾਉਂਦੇ ਹਨ ਤਾਂ ਦੁਸ਼ਮਣ ਡਰ ਨਾਲ ਕੰਬਣ ਲੱਗ ਜਾਂਦਾ ਹੈ। ਜਦੋਂ ਉਹ ਬਰਛਿਆਂ ਨਾਲ ਦੁਸ਼ਮਣ 'ਤੇ ਟੁੱਟ ਪੈਂਦੇ ਹਨ ਤਾਂ ਦੁਸ਼ਮਣ ਦੀ ਮੌਤ ਯਕੀਨੀ ਹੁੰਦੀ ਹੈ। ਇਕੱਲਾ-ਇਕੱਲਾ ਸਿੱਖ 50-50 ਦੁਸ਼ਮਣਾਂ 'ਤੇ ਭਾਰੂ ਹੁੰਦਾ ਹੈ।ਜਦੋਂ ਉਹ ਆਪਣੀਆਂ ਬੰਦੂਕਾਂ ਲੈ ਕੇ ਜੰਗ ਵਿੱਚ ਵੜਦੇ ਹਨ ਤਾਂ ਦੁਸ਼ਮਣਾਂ ਦੀਆਂ ਛਾਤੀਆਂ ਫਟ ਜਾਂਦੀਆਂ ਹਨ ਅਤੇ ਲਹੂ ਨਾਲ ਧਰਤੀ ਰੰਗੀ ਜਾਂਦੀ ਹੈ। ਕਿਹਾ ਜਾਂਦਾ ਹੈ ਪੁਰਾਣੀ ਕਿਸਮ ਦੀਆਂ ਬੰਦੂਕਾਂ (ਰਾਮ ਜੰਗਾ) ਸਿੰਘਾਂ ਦੀ ਹੀ ਈਜਾਦ ਸੀ।'ਸਿੱਖ ਤੋਪਚੀ, ਗੋਲਾਬਾਰੀ ਕਰਨ ਵਿੱਚ ਬੜੇ ਮਾਹਿਰ ਹੁੰਦੇ ਹਨ। ਉਹ ਚਾਰੋਂ ਪਾਸੇ ਬੇਪਨਾਹ ਗੋਲਾਬਾਰੀ ਲਗਾਤਾਰ ਜਾਰੀ ਰੱਖਦੇ ਹਨ। ਜੇ ਤੁਸੀਂ ਮੇਰੇ ਕਹੇ 'ਤੇ ਯਕੀਨ ਨਾ ਕਰੋ, ਤਾਂ ਤੁਸੀਂ ਉਨ੍ਹਾਂ ਯੋਧਿਆਂ ਤੋਂ ਪੁੱਛ ਸਕਦੇ ਹੋ, ਜਿਨ੍ਹਾਂ ਸਿੱਖਾਂ ਨਾਲ ਲੜਾਈਆਂ ਲੜੀਆਂ ਹਨ। ਉਹ (ਥੋੜ੍ਹੀ ਗਿਣਤੀ ਵਿੱਚ) ਤੀਹ-ਤੀਹ ਹਜ਼ਾਰ ਦੁਸ਼ਮਣਾਂ ਨਾਲ ਟੱਕਰ ਲੈਂਦੇ ਰਹੇ ਹਨ।'ਕਿਹਾ ਜਾਂਦਾ ਹੈ ਕਿ ਬਹਿਰਾਮ ਗੋਰ ਦਾ ਨਾਂ ਸੁਣ ਕੇ ਸ਼ੇਰ ਕੰਬ ਉਠਦੇ ਸਨ। ਪਰ ਜੇ ਬਹਿਰਾਮ ਗੋਰ ਸਿੱਖਾਂ ਨਾਲ ਟੱਕਰ ਲਵੇ ਤਾਂ ਯਕੀਨਨ ਉਹ ਇਨ੍ਹਾਂ ਬਹਾਦਰ ਸਿੱਖਾਂ ਨੂੰ ਝੁੱਕ ਕੇ ਸਲਾਮ ਕਰੇ।"ਜੇ ਲੜਾਈ ਸਮੇਂ ਸਿੱਖ ਮੈਦਾਨ ਛੱਡ ਕੇ ਨੱਠ ਜਾਣ ਤਾਂ ਭੁੱਲ ਕੇ ਵੀ ਉਨ੍ਹਾਂ ਨੂੰ ਭਗੌੜੇ ਨਾ ਸਮਝ ਲੈਣਾ। ਇਹ ਉਨ੍ਹਾਂ ਦੀ ਲੜਾਈ ਦੀ ਆਪਣੀ ਹੀ (ਨਿਰਾਲੀ) ਤਕਨੀਕ ਹੈ। ਲੜਾਈ ਦੇ ਮੈਦਾਨ 'ਚੋਂ ਅਚਾਨਕ ਇਨ੍ਹਾਂ ਦੇ ਨੱਠ ਜਾਣ ਦਾ ਮਤਲਬ ਇਹ ਹੁੰਦਾ ਹੈ ਕਿ ਜਦ ਗੁੱਸੇ ਵਿੱਚ ਭਰੇ ਸਾਡੇ ਫੌਜੀ ਉਨ੍ਹਾਂ ਦਾ ਪਿੱਛਾ ਕਰਨਗੇ, ਤਾਂ ਉਹ ਪਿੱਛਾ ਕਰਦੇ ਆ ਰਹੇ ਵੈਰੀਆਂ ਤੇ ਅਜਿਹਾ ਤੂਫਾਨੀ ਹੱਲਾ ਬੋਲਣਗੇ ਕਿ ਸਾਰੇ ਦਸਤੇ ਨੂੰ ਕਤਲ ਕਰ ਦੇਣਗੇ।"ਤੁਸੀਂ ਵੇਖਿਆ ਨਹੀਂ ਸੀ? ਭਗੌੜਾ ਹੋਣ ਸਮੇਂ ਸਿੱਖਾਂ ਨੇ ਖਾਨ ਅਹਿਮਦਸ਼ਾਹ ਦੁਰਾਨੀ ਨੂੰ ਧੋਖਾ ਦੇਣ ਲਈ ਆਪਣੀ ਬਨਾਉਟੀ ਹਾਰ ਦਰਸਾਈ ਸੀ ਅਤੇ ਥੋੜ੍ਹੀ ਦੇਰ ਪਿੱਛੋਂ ਹੀ ਕਿਸ ਤਰ੍ਹਾਂ ਉਸ 'ਤੇ ਟੁੱਟ ਪਏ ਸਨ? ਉਸ ਭਿਆਨਕ ਸਥਿਤੀ ਵਿੱਚ ਖਾਨ ਨੇ ਘੋੜੇ ਤੋਂ ਉਤਰ ਕੇ ਸਿੱਖਾਂ ਤੇ ਤੀਰਾਂ ਦੀ ਬੋਛਾੜ ਕੀਤੀ। ਸੀ ਅਤੇ ਬੜੀ ਮੁਸ਼ਕਿਲ ਨਾਲ ਭੱਜ ਕੇ ਸਿੱਖਾਂ ਦੇ ਘੇਰੇ 'ਚੋਂ ਆਪਣੀ ਜਾਨ ਬਚਾਈ ਸੀ।"ਤੁਸੀਂ ਆਪ ਹੀ ਸੋਚੋ, ਕਿਵੇਂ ਸਿੱਖਾਂ ਦਾ ਇੱਕ ਛੋਟਾ ਜਿਹਾ ਦਸਤਾ ਮੁਲਤਾਨ ਸ਼ਹਿਰ 'ਤੇ ਜਾ ਪਿਆ ਸੀ ਅਤੇ ਖਜ਼ਾਨਾ ਲੁੱਟ ਕੇ ਸਾਫ ਬਚ ਕੇ ਨਿਕਲ ਗਿਆ ਸੀ? ਮੁਲਤਾਨ ਵਿੱਚ ਜੋ ਕੁੱਝ ਹੋਇਆ, ਸਾਨੂੰ ਸਾਰਿਆਂ ਨੂੰ ਖੁਦਾ ਦੀ ਮਰਜ਼ੀ ਸਮਝ ਕੇ, ਉਸ ਅੱਗੇ ਝੁਕਣਾ ਹੀ ਪੈਣਾ ਹੈ।'"ਲੜਾਈ ਦੀ ਤਕਨੀਕ ਤੋਂ ਇਲਾਵਾ ਸਿੱਖਾਂ ਵਿੱਚ ਇੱਕ ਹੋਰ ਵਿਸ਼ੇਸ਼ ਗੁਣ ਹੈ ਕਿ ਉਹ ਕਿਸੇ ਭੱਜੇ ਜਾਂਦੇ ਦੁਸ਼ਮਣ 'ਤੇ ਹਮਲਾ ਨਹੀਂ ਕਰਦੇ। ਉਹ ਕਦੀ ਵੀ ਕਿਸੇ ਇਸਤੀ 'ਤੇ ਹੱਥ ਨਹੀਂ ਉਠਾਉਂਦੇ। ਇਨ੍ਹਾਂ ਵਿੱਚ ਕੋਈ ਵੀ ਬੰਦਾ ਵਿਭਚਾਰੀ ਨਹੀਂ ਹੁੰਦਾ ਅਤੇ ਨਾ ਹੀ ਇਹ ਲੋਕ ਚੋਰੀ ਕਰਦੇ ਹਨ। ਭਾਵੇਂ ਕੋਈ ਤੀਵੀਂ ਜਵਾਨ ਹੋਵੇ ਭਾਵੇਂ ਬਜ਼ੁਰਗ, ਇਹ ਉਸਨੂੰ ਮਾਂ ਭੈਣ ਦਾ ਸਤਿਕਾਰ ਦਿੰਦੇ ਹਨ। ਇਹ ਲੋਕ, ਲੁੱਚੇ, ਲਫੰਗਿਆਂ ਨਾਲ ਦੋਸਤੀ ਨਹੀਂ ਰੱਖਦੇ।3. ਪਾਕਿਸਤਾਨ ਦੇ ਰੀਟਾਇਰਡ ਮੇਜਰ ਜਨਰਲ ਮੁਕੀਸ਼ ਖਾਨ ਨੇ ਅੰਗਰੇਜ਼ੀ ਵਿੱਚ ਲਿਖੀ ਆਪਣੀ ਪੁਸਤਕ 'ਕਰਾਈਸਿਜ਼ ਆਫ ਲੀਡਰਸ਼ਿਪ' ਦੇ ਪੰਨਾ 250 'ਤੇ ਸੰਨ 1971 ਵਿੱਚ ਹੋਈ ਹਿੰਦ-ਪਾਕ ਜੰਗ ਬਾਰੇ ਲਿਖਿਆ ਹੈ :'ਸਿੱਖ ਬਹੁਤ ਬਹਾਦਰ ਹਨ। ਇਹ ਏਨੀ ਦਲੇਰੀ ਨਾਲ ਲੜਦੇ ਹਨ ਕਿ ਆਪਣੇ ਨਾਲੋਂ ਕਈ ਗੁਣਾਂ ਵੱਡੀ ਫੌਜ ਨੂੰ ਹਾਰ ਦੇਣ ਦੀ ਸਮਰੱਥਾ ਰੱਖਦੇ ਹਨ। ਸਾਡੀ ਹਾਰ ਦਾ ਵੱਡਾ ਕਾਰਨ ਸਿੱਖਾਂ ਦੇ ਸਾਹਮਣੇ ਹੋ ਕੇ ਲੜਨਾ ਸੀ। ਉਨ੍ਹਾਂ ਦੇ ਸਾਹਮਣੇ ਸਾਡੀ ਕੋਈ ਪੇਸ਼ ਨਾ ਗਈ।' 3 ਦਸੰਬਰ 1971 ਨੂੰ ਅਸਾਂ ਹਿੰਦੁਸਤਾਨ ਦੇ ਬਾਰਡਰ 'ਹੁਸੈਨੀ ਵਾਲਾ' ਤੇ ਇਨਫੈਂਟਰੀ ਬਰੀਗੇਡ ਨਾਲ ਇੱਕ ਜ਼ਬਰਦਸਤ ਹਮਲਾ ਕੀਤਾ। ਸਾਡੀ ਬ੍ਰਿਗੇਡ ਵਿੱਚ ਪਾਕਿਸਤਾਨ ਦੀ ਲੜਾਕੂ ਪੰਜਾਬੀ ਰਜਮੈਂਟ ਦੇ ਨਾਲ 'ਬਲੋਚ ਰਜਮੈਂਟ' ਵੀ ਸੀ। ਅਸੀਂ ਮਿੰਟਾਂ ਵਿੱਚ ਹੀ ਭਾਰਤੀ ਫੌਜ ਨੂੰ ਬੜੀ ਦੂਰ ਤੱਕ ਪਿੱਛੇ ਧੱਕ ਦਿੱਤਾ। ਉਨ੍ਹਾਂ ਦੇ ਮੋਰਚੇ ਸਾਡੇ ਕਬਜ਼ੇ ਵਿੱਚ ਆ ਗਏ। ਭਾਰਤੀ ਸੈਨਾ ਬੜੀ ਤੇਜ਼ੀ ਨਾਲ ਪਿੱਛੇ ਭੱਜੀ ਜਾ ਰਹੀ ਸੀ।"ਸਾਡੀ ਫੌਜ ਬੜੀ ਤੇਜ਼ੀ ਨਾਲ ਅੱਗੇ ਵੱਧ ਰਹੀ ਸੀ। ਸਾਡੀ ਫੌਜ ਕੇਸਰੇ ਹਿੰਦ ਚੌਂਕੀ ਕੋਲ ਜਾ ਪੁੱਜੀ। ਉਸ ਚੌਂਕੀ ਦੀ ਰੱਖਿਆ ਫੌਜੀਆਂ ਦੀ ਇੱਕ ਛੋਟੀ ਜਿਹੀ ਟੁਕੜੀ, ਜੋ 'ਸਿੱਖ ਰਜਮੈਂਟ' ਵਿੱਚੋਂ ਸੀ ਕਰ ਰਹੀ ਸੀ। ਉਨ੍ਹਾਂ ਜਵਾਨਾਂ ਨੇ ਲੋਹੇ ਦੀ ਦੀਵਾਰ ਵਾਂਗ ਸਾਡਾ ਰਾਹ ਰੋਕ ਲਿਆ ਅਤੇ ਜ਼ੋਰ-ਜ਼ੋਰ ਦੀ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾ ਕੇ ਸਾਡੇ ਉਤੇ ਭੁੱਖੇ ਬਾਜ਼ਾਂ ਅਤੇ ਸ਼ੇਰਾਂ ਦੀ ਤਰ੍ਹਾਂ ਟੁੱਟ ਪਏ। ਉਹ ਸਭ ਸਿਪਾਹੀ ਸਿੱਖ ਸਨ।"ਬੜੀ ਖੌਫਨਾਕ ਲੜਾਈ ਹੋਈ। ਲੜਦੇ-ਲੜਦੇ ਸਿਪਾਹੀ ਇੱਕ ਦੂਜੇ ਦੇ ਆਹਮੋ-ਸਾਹਮਣੇ ਹੱਥੋਪਾਈ ਤੱਕ ਜਾ ਪਹੁੰਚੇ। 'ਯਾ ਅਲੀ' ਅਤੇ 'ਸਤਿ ਸ੍ਰੀ ਅਕਾਲ' ਦੇ ਨਾਹਰਿਆਂ ਨਾਲ ਆਕਾਸ਼ ਗੂੰਜ ਉਠਿਆ। ਸਿੰਘਾਂ ਨੇ ਹਥੋਪਾਈ ਦੀ ਲੜਾਈ ਵਿੱਚ ਵੀ ਏਨੀ ਬਹਾਦਰੀ ਵਿਖਾਈ ਕਿ ਸਾਡੇ ਸਾਰੇ ਅਰਮਾਨ ਮਿੱਟੀ ਵਿੱਚ ਮਿਲਾ ਦਿੱਤੇ।"ਇਸ ਲੜਾਈ ਵਿੱਚ ਬਲੋਚ ਰਜਮੈਂਟ ਦਾ ਲੈਫਟੀਨੈਂਟ ਕਰਨਲ ਗੁਲਾਬ ਹੁਸੈਨ ਮਾਰਿਆ ਗਿਆ। ਮੇਜਰ ਮੁਹੰਮਦ ਜ਼ਈਫ ਅਤੇ ਕੈਪਟਨ ਆਰਿਫ ਸਲੀਮ ਵੀ ਮਾਰੇ ਗਏ। ਸਾਡੇ ਜਵਾਨਾਂ ਦੇ ਮਾਰੇ ਜਾਣ ਦੀ ਗਿਣਤੀ ਨਹੀਂ ਸੀ ਕੀਤੀ ਜਾ ਸਕਦੀ। ਮੁੱਠੀ ਭਰ ਸਿੰਘਾਂ ਦੇ ਹੌਸਲਾ ਵੇਖ ਕੇ ਅਸੀਂ ਹੱਕੇ-ਬੱਕੇ ਰਹਿ ਗਏ।'...'ਜਦੋਂ ਅਸੀਂ ਪੱਕੀ ਪੋਸਟ, ਜੋ ਤਿੰਨ ਮੰਜ਼ਲੀ ਬਣੀ ਹੋਈ ਸੀ 'ਤੇ ਕਬਜ਼ਾ ਕਰ ਲਿਆ ਤਾਂ ਸਿੱਖ ਸਿਪਾਹੀ ਉਪਰਲੀ ਛੱਤ ਤੇ ਚੜ੍ਹ ਗਏ ਅਤੇ ਡਟ ਕੇ ਸਾਡਾ ਮੁਕਾਬਲਾ ਕਰਦੇ ਰਹੇ।ਉਹ ਸਾਰੀ ਰਾਤ ਸਾਡੇ ਉਤੇ ਗੋਲੀਆਂ ਦਾ ਮੀਂਹ ਵਰ੍ਹਾਉਂਦੇ ਰਹੇ ਅਤੇ ਉੱਚੀ ਆਵਾਜ਼ ਵਿੱਚ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਛੱਡਦੇ ਰਹੇ। ਉਹ ਅਗਲੇ ਦਿਨ ਤੱਕ ਮੁਕਾਬਲਾ ਕਰਦੇ ਰਹੇ। ਅਗਲੇ ਦਿਨ ਸਾਡੇ ਟੈਂਕਾਂ ਨੇ ਚੌਂਕੀ ਨੂੰ ਘੇਰਾ ਪਾ ਕੇ ਤੋਪਾਂ ਨਾਲ ਉਡਾ ਦਿੱਤਾ। ਉਹ ਮੁੱਠੀ ਭਰ ਸਿੰਘ ਮੁਕਾਬਲਾ ਕਰਦੇ ਸ਼ਹੀਦ ਹੋ ਗਏ। ਏਨੇ ਚਿਰ ਨੂੰ ਉਨ੍ਹਾਂ ਦੇ ਜੈਕਾਰਿਆਂ ਦੀ ਆਵਾਜ਼ ਸੁਣ ਕੇ, ਸਿੱਖ ਰੇਜੀਮੈਂਟ ਉਥੇ ਪਹੁੰਚ ਗਈ। ਉਨ੍ਹਾਂ ਆਪਣੇ ਤੋਪਖਾਨੇ ਨਾਲ ਸਾਡੇ ਟੈਂਕ ਨਸ਼ਟ ਕਰ ਦਿੱਤੇ। ਇਸ ਤਰ੍ਹਾਂ ਸਾਡੀ ਫੌਜ ਦੇ ਪੈਰ ਉਖੜ ਗਏ। ਸਾਰੇ ਬਾਰਡਰ ਤੇ ਸਾਡੇ ਹੌਸਲੇ ਪਸਤ ਹੋ ਗਏ। ਇਹੋ ਹਾਲ ਸਾਡੇ ਨਾਲ ਢਾਕੇ (ਬੰਗਲਾ ਦੇਸ਼) ਵਿੱਚ ਹੋਇਆ। ਜੈਸੂਰ ਦੀ ਲੜਾਈ ਵਿੱਚ ਸਿੰਘਾਂ ਨੇ ਸਾਡੀ ਫੌਜ ਨਾਲ ਉਹ ਟੱਕਰ ਲਈ, ਜਿਸ ਨਾਲ ਸਾਡੀ ਕਮਰ ਟੁੱਟ ਗਈ। ਇਹੀ ਇੱਕ ਵੱਡਾ ਕਾਰਨ ਸਾਡੀ ਹਾਰ ਦਾ ਸੀ।'4. ਅੰਗਰੇਜ਼ੀ ਫੌਜ ਦੇ ਇੱਕ ਕਰਨਲ ਲਾਈਨਜ਼ ਫਰਜੰਦੋ ਨੇ ਸਿੱਖ ਕਿਰਦਾਰ ਬਾਰੇ ਇੱਕ ਸੱਜਣ ਨੂੰ ਦੱਸਿਆ ਸੀ ਕਿ 1981 ਵਿੱਚ ਇੱਕ ਵਾਰ ਸਰਦੀ ਦੇ ਮੌਸਮ ਵਿੱਚ ਮੈਂ ਰੇਲਗੱਡੀ 'ਤੇ ਸ੍ਰੀ ਅੰਮ੍ਰਿਤਸਰ ਗਿਆ ਸਾਂ। ਰਾਤ ਨੂੰ ਖੂਬ ਠੰਡ ਹੋ ਗਈ। ਮੇਰੇ ਨਾਲ ਦੀ ਸੀਟ 'ਤੇ ਇੱਕ ਪੇਂਡੂ ਸਿੱਖ ਬੈਠਾ ਸੀ। ਉਹਨੇ ਆਪਣਾ ਕੰਬਲ ਮੈਨੂੰ ਪੇਸ਼ ਕੀਤਾ। ਪਰ ਮੈਂ, ਇਹ ਸੋਚ ਕੇ ਕਿ ਉਹ ਆਪ ਸਾਰੀ ਰਾਤ ਪਾਲੇ ਵਿੱਚ ਬੈਠਾ ਰਹੇਗਾ, ਨਾਂਹ ਕਰਦਿੱਤੀ। ਜਦੋਂ ਮੈਨੂੰ ਨੀਂਦ ਆ ਗਈ ਤਾਂ ਉਹਨੇ ਆਪਣਾ ਕੰਬਲ ਮੇਰੇ ਉਤੇ ਪਾ ਦਿੱਤਾ। ਸਵੇਰੇ ਜਾਗਿਆ ਤਾਂ ਨਾਲ ਵਾਲਾ ਸਰਦਾਰ ਬੈਠਾ ਮੁਸਕਰਾ ਰਿਹਾ ਸੀ। ਇਹ ਵੇਖ ਕੇ ਮੈਂ ਹੈਰਾਨ ਰਹਿ ਗਿਆ ਕਿ ਇਨ੍ਹਾਂ ਲੋਕਾਂ ਵਿੱਚ ਦੂਜਿਆਂ ਲਈ ਹਮਦਰਦੀ ਕੁਟ-ਕੁਟ ਕੇ ਭਰੀ ਹੋਈ ਹੈ।ਇਸ ਘਟਨਾ ਤੋਂ ਮੈਂ ਬੜਾ ਪ੍ਰਭਾਵਤ ਹੋਇਆ। ਅੰਮ੍ਰਿਤਸਰ ਪਹੁੰਚ ਕੇ ਮੈਂ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਗਿਆ। ਉਥੋਂ ਦੇ ਪ੍ਰਬੰਧਕਾਂ ਨੇ ਮੇਰਾ ਬਹੁਤ ਸਤਿਕਾਰ ਕੀਤਾ। ਹਰਿਮੰਦਰ ਸਾਹਿਬ ਵਿੱਚ ਮੈਂ ਗੁਰਬਾਣੀ ਦਾ ਕੀਰਤਨ ਸੁਣਿਆ। ਫਿਰ ਮੈਨੂੰ ਲੰਗਰ ਛਕਾਇਆ ਗਿਆ ਤੇ ਰਾਤ ਰਹਿਣ ਨੂੰ ਕਮਰਾ ਦਿੱਤਾ। ਗਿਆ। ਦਰਬਾਰ ਸਾਹਿਬ ਵਿੱਚ ਮੇਰੇ ਨਾਲ ਕੀਤੇ ਪ੍ਰਾਹੁਣਚਾਰੀ ਦੇ ਸਲੂਕ ਤੋਂ ਵੀ ਮੈਂ ਬਹੁਤ ਪ੍ਰਭਾਵਤ ਹੋਇਆ।'ਆਉ! ਅਸੀਂ ਆਪਣੇ ਮਨਾਂ ਅੰਦਰ ਝਾਤੀ ਮਾਰ ਕੇ ਵੇਖੀਏ ਕਿ ਕੀ ਅਸੀਂ ਦਸਮ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਉਹੀ ਸਿੱਖ ਹਾਂ ਜਿਨ੍ਹਾਂ ਬਾਰੇ ਵਿਦੇਸ਼ੀ ਲੁਟੇਰਿਆਂ, ਇਤਿਹਾਸਕਾਰਾਂ ਅਤੇ ਸ਼ਾਸਕਾਂ ਨੇ ਸਿੱਖੀ ਕਿਰਦਾਰ ਅਤੇ ਸੁਨਹਿਰੀ ਕਾਰਨਾਮਿਆਂ ਦਾ ਵਰਨਣ ਕੀਤਾ ਹੈ? ਕੀ ਅਸੀਂ ਸਿੱਖੀ ਕਿਰਦਾਰ ਅਤੇ ਗੁਰੂ ਸਾਹਿਬਾਨ ਵੱਲੋਂ ਦੱਸੇ ਮਾਰਗ ਤੋਂ ਭਟਕ ਤਾਂ ਨਹੀਂ ਗਏ?

**ਸ. ਬਖਸ਼ੀਸ਼ ਸਿੰਘ ਰਾਮਪੁਰਾ**

# ਬੱਚਿਆਂ ਲਈ ਸਿੱਖੀ ਪ੍ਰੰਪਰਾ

ਬੱਚੇ ਦੇਸ਼ ਤੇ ਕੌਮ ਦੀ ਦੌਲਤ ਹੁੰਦੇ ਹਨ, ਭਵਿੱਖ ਹੁੰਦੇ ਹਨ। ਸਾਡੇ ਬੱਚੇ ਸਾਡੇ ਘਰ ਦੀ ਰੌਣਕ ਹੁੰਦੇ ਹਨ, ਘਰ ਦਾ ਸ਼ਿੰਗਾਰ ਹੁੰਦੇ ਹਨ, ਸਾਡਾ ਸਭ ਤੋਂ ਕੀਮਤੀ ਸਰਮਾਇਆ ਹੁੰਦੇ ਹਨ, ਸਾਡੀ ਜਿੰਦ ਜਾਨ ਹੁੰਦੇ ਹਨ, ਸਾਡੇ ਜਿਗਰ ਦੇ ਟੁਕੜੇ ਹੁੰਦੇ ਹਨ, ਸਾਡੇ ਖਾਨਦਾਨ ਦਾ ਚਿਰਾਗ ਹੁੰਦੇ ਹਨ, ਸਾਡੇ ਕਾਨੂੰਨੀ ਵਾਰਿਸ ਹੁੰਦੇ ਹਨ। ਕਿਸੇ ਵੀ ਗੁਰਸਿੱਖ ਪਰਿਵਾਰ ਵਿੱਚ ਜਨਮ ਲੈਣ ਵਾਲਾ ਹਰ ਬੱਚਾ ਬੜਾ ਹੀ ਅਮੀਰ ਵਿਰਸਾ ਲੈ ਕੇ ਪੈਦਾ ਹੁੰਦਾ ਹੈ। ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਜ ਪਿਆਰੇ, ਚਾਰ ਸਾਹਿਬਜ਼ਾਦੇ, ਚਾਲੀ ਮੁੱਕਤੇ, ਹਠੀ, ਜਪੀ, ਤਪੀ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ, ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ,- ਸਿੱਖ ਇਤਿਹਾਸ ਦੇ ਇਹ ਪੰਨੇ ਹਰ ਨਵਜੰਮੇ ਸਿੱਖ ਬੱਚੇ ਦਾ ਮਹਾਨ ਵਿਰਸਾ ਹਨ।ਸਿੱਖ ਹਰ ਰੋਜ਼ ਆਪਣਾ ਇਹ ਸ਼ਾਨਦਾਰ ਇਤਿਹਾਸ ਸਵੇਰੇ-ਸ਼ਾਮੀ ਤੇ ਹਰ ਖੁਸ਼ੀ-ਗਮੀ ਦੇ ਸਮਾਗਮ ਸਮੇਂ, ਆਪਣੀ ਅਰਦਾਸ ਕਰਨ ਸਮੇਂ ਯਾਦ ਕਰਦੇ ਹਨ। ਬੱਚੇ ਨੂੰ ਸਿੱਖੀ ਸੰਸਕਾਰ ਦੇਣਾ ਅਤੇ ਆਪਣੇ ਇਸ ਮਹਾਨ ਵਿਰਸੇ ਬਾਰੇ ਜਾਣਕਾਰੀ ਦੇਣਾ ਤੇ ਜੋੜਨਾ ਮਾਪਿਆਂ ਦਾ ਫਰਜ਼ ਹੈ। ਇਸ ਲਈ ਜਰੂਰੀ ਹੈ ਕਿ ਮਾਪੇ ਖੁਦ "ਰੋਲ ਮਾਡਲ" ਬਣਨ।ਮਨੁੱਖ ਦੇ ਬੱਚੇ ਦੀ ਪਾਲਣਾ-ਪੋਸਣਾ ਹੀ ਸਭ ਤੋਂ ਔਖੀ ਹੁੰਦੀ ਹੈ। ਪੰਛੀ ਆਪਣੇ ਬੱਚਿਆਂ ਨੂੰ ਕੁੱਝ ਹਫਤਿਆਂ ਜਾਂ ਮਹੀਨਿਆਂ ਵਿਚ ਪਾਲ ਕੇ ਵਿਹਲੇ ਹੋ ਜਾਂਦੇ ਹਨ, ਜਦੋਂ ਕਿ ਕਈ ਜਾਨਵਰਾਂ ਨੂੰ ਆਪਣੇ ਬੱਚਿਆਂ ਦੇ ਪਾਲਣ ਲਈ ਕਈ ਮਹੀਨੇ ਜਾਂ ਇਕ ਦੋ ਵਰ੍ਹੇ ਲੱਗ ਜਾਂਦੇ ਹਨ, ਪਰ ਮਨੁੱਖ ਨੂੰ ਆਪਣੇ ਬੱਚੇ ਦੇ ਪਾਲਣ-ਪੋਸਣ ਉੱਤੇ ਅਨੇਕਾਂ ਸਾਲ ਲੱਗ ਜਾਂਦੇ ਹਨ। ਆਪਣੇ ਬੱਚਿਆਂ ਦੀ ਪਾਲਣ-ਪੋਸਣ ਤੇ ਪੜ੍ਹਾਉਣ ਤੋਂ ਬਿਨਾਂ ਵਿਆਹੁਣ ਅਤੇ ਕਈ ਵਾਰੀ ਨੌਕਰੀ ਦਿਲਵਾਉਣ ਵਿਚ 25-30 ਵਰ੍ਹੇ ਲੱਗ ਜਾਂਦੇ ਹਨ। ਸਾਡੀ ਜ਼ਿੰਦਗੀ ਦਾ ਬਹੁਤਾ ਹਿੱਸਾ ਬੱਚਿਆਂ ਦਾ ਚੰਗੇਰਾ ਭਵਿੱਖ ਬਣਾਉਣ 'ਤੇ ਲੱਗ ਜਾਂਦਾ ਹੈ। ਅਸੀਂ ਚਾਹੁੰਦੇ। ਹਾਂ ਕਿ ਸਾਡੇ ਬੱਚਿਆਂ ਦਾ ਸਰੀਰਕ ਤੇ ਮਾਨਸਿਕ ਵਿਕਾਸ ਨਰੋਆ ਹੋਵੇ, ਉਹ ਬਚਪਨ ਤੋਂ ਹੀ ਆਪਣੇ ਸਿੱਖੀ ਵਿਰਸੇ ਨਾਲ ਜੁੜਨ, ਵੱਧ ਤੋਂ ਵੱਧ ਪੜ੍ਹ-ਲਿਖ ਜਾਣ, ਕਿਸੇ ਚੰਗੀ ਨੌਕਰੀ ਜਾਂ ਕੰਮ-ਕਾਜ 'ਤੇ ਲੱਗ ਜਾਣ।ਬੱਚਿਆਂ ਦੇ ਚੰਗੇਰੇ ਭਵਿੱਖ ਲਈ ਹੀ ਅਸੀਂ ਹਰ ਜਾਇਜ਼-ਨਾਜਾਇਜ਼ ਢੰਗ ਨਾਲ ਬਹੁਤੀ ਕਮਾਈ ਕਰਨ ਦਾ ਯਤਨ ਕਰਦੇ ਹਾਂ, ਖੁਦ ਤੰਗੀ-ਤੁਰਸ਼ੀ ਕੱਟ ਕੇ ਉਨ੍ਹਾਂ ਦੇ ਸੁਖ-ਆਰਾਮ, ਵੱਧ ਤੋਂ ਵੱਧ ਸਹੂਲਤਾਂ ਅਤੇ ਉਨ੍ਹਾਂ ਦੀਆਂ ਲੋੜਾਂ ਤੇ ਇੱਛਾਵਾਂ ਪੂਰੀਆਂ ਕਰਨ ਦਾ ਯਤਨ ਕਰਦੇ ਹਾਂ। ਅਸੀਂ ਆਪਣੇ ਅਧੂਰੇ ਸੁਪਨੇ ਬੱਚਿਆਂ ਰਾਹੀਂ ਪੂਰਾ ਕਰਨ ਦਾ ਯਤਨ ਕਰਦੇ ਹਾਂ।ਬੱਚਿਆਂ ਨੂੰ ਚੰਗਾ ਜਾਂ ਮਾੜਾ ਬਣਾਉਣ ਵਿਚ ਮਾਂ-ਬਾਪ ਵਿਸ਼ੇਸ਼ ਕਰ ਮਾਂ ਦਾ ਬਹੁਤ ਹੀ ਹੱਥ ਹੁੰਦਾ ਹੈ।ਮਾਪਿਆਂ ਤੋਂ ਬਿਨਾਂ ਅਧਿਆਪਕਾਂ ਦਾ ਵੀ ਬੱਚੇ ਦੀ ਸਖ਼ਸ਼ੀਅਤ ਬਣਾਉਣ ਵਿੱਚ ਕਾਫੀ ਹੱਥ ਹੁੰਦਾ ਹੈ। ਬੱਚਿਆਂ 'ਤੇ ਸਮਾਜਿਕ ਮਾਹੌਲ ਦਾ ਵੀ ਚੰਗਾ ਜਾਂ ਮਾੜਾ ਪ੍ਰਭਾਵ ਪੈਂਦਾ ਹੈ।ਅਸੀਂ ਕੋਸ਼ਿਸ਼ ਕਰੀਏ ਕਿ ਬੱਚਿਆਂ ਨੂੰ ਚੰਗਾ ਮਾਹੌਲ ਦੇਈਏ।ਅਸੀਂ ਆਂਢ-ਗੁਆਂਢ ਦਾ ਤੇ ਸਮਾਜਿਕ ਮਾਹੌਲ ਤਾਂ ਬਦਲ ਨਹੀਂ ਸਕਦੇ, ਆਪਣੇ ਘਰ ਵਿੱਚ ਤਾਂ ਚੰਗਾ ਮਾਹੌਲ ਦੇ ਸਕਦੇ ਹਾਂ।ਅੰਗਰੇਜ਼ੀ ਦਾ ਇਕ ਮੁਹਾਵਰਾ ਹੈ ਜਿਸਦਾ ਭਾਵ ਇਹ ਹੈ ਕਿ ਜੋ ਕੁਝ ਤੁਸੀਂ ਚਾਹੁੰਦੇ ਹੋ, ਉਸ ਲਈ ਲੋੜੀਂਦਾ ਮਾਹੌਲ ਪੈਦਾ ਕਰੋ, ਅਗੋਂ ਮਾਹੌਲ ਉਹ ਕੰਮ ਕਰੇਗਾ ਜੋ ਤੁਸੀਂ ਚਾਹੁੰਦੇ ਹੋ।ਅੱਜ ਦੇ ਮਹਿੰਗਾਈ ਵਾਲੇ ਯੁੱਗ ਵਿੱਚ ਜਦ ਘਰ ਗ੍ਰਹਿਸਤੀ ਚਲਾਉਣ ਲਈ ਪਤੀ-ਪਤਨੀ ਦੋਨਾਂ ਨੂੰ ਨੌਕਰੀ ਕਰਨੀ ਪੈਂਦੀ ਹੈ, ਉਹ ਆਪਣੇ ਬੱਚਿਆਂ ਵੱਲ ਪੂਰਾ ਧਿਆਨ ਨਹੀਂ ਦੇ ਸਕਦੇ, ਜਿਸ ਕਾਰਨ ਕਈ ਵਾਰੀ ਬੱਚੇ ਵਿਗੜ ਜਾਂਦੇ ਹਨ। ਪਹਿਲੇ ਸਮਿਆਂ ਵਿੱਚ ਬੱਚੇ ਦੀ ਪਾਲਣਾ-ਪੋਸਣਾ ਵਿੱਚ ਦਾਦਾ-ਦਾਦੀ ਅਤੇ ਨਾਨਾ-ਨਾਨੀ ਦਾ ਬੜਾ ਹੱਥ ਹੁੰਦਾ ਸੀ, ਪਰ ਸਾਂਝੇ ਪਰਿਵਾਰ ਟੁੱਟਣ ਪਿਛੋਂ ਉਨ੍ਹਾਂ ਦਾ ਰੋਲ ਬਹੁਤ ਘਟ ਗਿਆ ਹੈ। ਵੈਸੇ ਵੀ ਅੱਜ ਦੇ ਪੜ੍ਹੇ-ਲਿਖੇ ਮਾਪੇ ਆਪਣੇ ਅਣਪੜ੍ਹ ਜਾਂ ਘਟ ਪੜ੍ਹੇ ਲਿਖੇ ਮਾਪਿਆਂ ਦੇ ਦੇਖ-ਰੇਖ ਵਿੱਚ ਬੱਚਿਆਂ ਦੀ ਪਾਲਣਾ ਪੋਸਣਾ ਕਰਨਾ ਪਸੰਦ ਹੀ ਨਹੀਂ ਕਰਦੇ। ਇਹ ਇਕ ਹਕੀਕਤ ਹੈ ਕਿ ਪਹਿਲੇ ਜ਼ਮਾਨੇ ਵਿਚ ਅਨਪੜ੍ਹ ਜਾਂ ਮਾਮੂਲੀ ਪੜ੍ਹੇ ਲਿਖੇ ਸਿੱਖ ਮਾਪੇ ਆਪਣੇ ਬੱਚਿਆਂ ਨੂੰ ਅੱਜ ਦੇ ਪੜ੍ਹੇ ਲਿਖੇ ਮਾਪਿਆਂ ਨਾਲੋਂ ਚੰਗੇ ਸਿੱਖੀ ਸੰਸਕਾਰ ਦਿੰਦੇ ਸਨ ਅਤੇ ਇਕ ਚੰਗਾ ਗੁਰਸਿੱਖ ਬਣਨ ਦੇ ਨਾਲ ਇਨਸਾਨੀ ਕਦਰਾਂ ਕੀਮਤਾਂ ਬਾਰੇ ਵੀ ਜਾਣਕਾਰੀ ਦਿੰਦੇ ਸਨ।ਆਪਣੇ ਬੱਚਿਆਂ ਨੂੰ ਚੰਗੇਰਾ ਸਿੱਖ ਬਣਾਉਣ ਲਈ ਇਹ ਜ਼ਰੂਰੀ ਹੈ ਕਿ ਅਸੀਂ ਉਨ੍ਹਾਂ ਨੂੰ ਸਿੱਖੀ ਸੰਸਕਾਰ ਦੇਈਏ, ਸੱਚਾ ਸੁੱਚਾ ਤੇ ਸੁਚੱਜਾ ਜੀਵਨ ਬਿਤਾਉਣ ਲਈ ਗੁਰਮਤਿ ਰਹਿਤ ਮਰਯਾਦਾ ਬਾਰੇ ਜਾਣਕਾਰੀ ਦੇਈਏ, ਧਾਰਮਿਕ ਵਾਤਾਵਰਣ ਦੇਈਏ। ਬੱਚਿਆਂ ਨੂੰ ਇਕ ਵੱਧੀਆ ਗੁਰਸਿੱਖ ਬਣਾਉਣਾ ਹੈ, ਤਾਂ ਇਸ ਲਈ ਜ਼ਰੂਰੀ ਹੈ ਕਿ ਮਾਤਾ-ਪਿਤਾ ਖੁਦ ਚੰਗੇ ਗੁਰਸਿੱਖ ਬਣ ਕੇ ਇਸ ਦੀ ਮਿਸਾਲ ਪੇਸ਼ ਕਰਨ।ਬੱਚਿਆਂ ਤੋਂ ਗੁਰਬਾਣੀ ਦਾ ਪਾਠ ਕਰਵਾਉਣਾ ਚਾਹੁੰਦੇ ਹਾਂ, ਤਾਂ ਖੁਦ ਸਵੇਰੇ-ਸ਼ਾਮ ਪਾਠ ਕਰੀਏ, ਸੱਚ ਬੋਲਣਾ ਸਿਖਾਉਣਾ ਹੈ ਤਾਂ ਆਪ ਕਦੀ ਵੀ ਝੂਠ ਨਾ ਬੋਲੀਏ। ਬੱਚੇ ਆਪਣੀ ਪੜ੍ਹਾਈ ਵਿੱਚ ਵੀ ਚੰਗੇ ਨੰਬਰ ਲੈਣ, ਇਸ ਲਈ ਘਰ ਵਿੱਚ ਵੀ ਉਨ੍ਹਾਂ ਦੀ ਪੜ੍ਹਾਈ ਲਿਖਾਈ ਵੱਲ ਪੂਰਾ ਧਿਆਨ ਦੇਣਾ ਚਾਹੀਦਾ ਹੈ। "ਔਹ ਬਿੱਲੀ ਆਈ' ਆਦਿ ਕੁੱਝ ਵੀ ਆਖ ਕੇ ਬੱਚਿਆਂ ਨੂੰ ਡਰਾਉਣਾ ਨਹੀਂ ਚਾਹੀਦਾ, ਤਾਂ ਜੋ ਬੱਚੇ ਨਿਰਭੈ ਅਤੇ ਬਹਾਦਰ ਬਣ ਸਕਣ। ਉਨ੍ਹਾਂ ਨੂੰ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਬਹਾਦਰੀ ਦੀ ਗਾਥਾ ਸੁਣਾਈਏ।ਆਪਣੇ ਧਾਰਮਿਕ, ਸਮਾਜਿਕ ਅਤੇ ਸਭਿਆਚਾਰਕ ਵਿਰਸੇ ਨਾਲ ਜੋੜਨ ਲਈ ਬੱਚਿਆਂ ਨੂੰ ਜਾਣਕਾਰੀ ਦਿੱਤੀ ਜਾਏ। ਸਕੂਲ ਜਾਣ ਸਮੇਂ ਜਦੋਂ ਮਾਂ ਆਪਣੇ ਬੱਚਿਆਂ ਨੂੰ ਤਿਆਰ ਕਰਦੀ ਹੈ, ਉਸ ਸਮੇਂ ਮੂਲ-ਮੰਤਰ, ਕੋਈ ਛੋਟੀ ਜਿਹੀ ਸਾਖੀ, ਸ਼ਬਦ, ਆਦਿ ਸੁਣਾ ਕੇ ਉਨ੍ਹਾਂ ਨੂੰ ਜਾਣਕਾਰੀ ਦੇਵੇ। ਸੰਗਰਾਂਦ ਵਾਲੇ ਦਿਨ ਨਵੇਂ ਮਹੀਨੇ ਬਾਰੇ ਦੱਸੇ।ਬੱਚਿਆਂ ਵਿੱਚ ਸਾਹਿਤੱਕ ਰੁਚੀਆਂ ਪੈਦਾ ਕਰਨਾ ਚਾਹੁੰਦੇ ਹਾਂ, ਤਾਂ ਉਨ੍ਹਾਂ ਨੂੰ ਪੜ੍ਹਾਈ ਦੇ ਪਹਿਲੇ ਸਾਲਾਂ ਵਿੱਚ ਹੀ ਬਾਲ ਸਾਹਿਤ ਨਾਲ ਜੋੜੀਏ, ਬਾਲਾਂ ਬਾਰੇ ਧਾਰਮਿਕ ਪਰਚੇ, ਤਸਵੀਰਾਂ ਵਾਲੀਆਂ ਪੁਸਤਕਾਂ ਲੈ ਕੇ ਦੇਈਏ। ਹੋ ਸਕਦਾ ਹੈ ਕਿ ਬੱਚੇ ਪਹਿਲਾਂ ਪਹਿਲਾਂ ਇਨ੍ਹਾਂ ਬਾਲ ਪਰਚਿਆਂ ਜਾਂ ਪੁਸਤਕਾਂ ਨੂੰ ਫਾੜ ਕੇ ਸੁਟ ਦੇਣ, ਪਰ ਹੌਲੀ-ਹੌਲੀ ਇਨ੍ਹਾਂ ਨੂੰ ਪੜ੍ਹਨ ਵਿਚ ਦਿਲਚੱਸਪੀ ਲੈਣ ਲੱਗ ਪੈਣਗੇ।ਸੁਹਜ, ਸਫਾਈ, ਅਨੁਸਾਸ਼ਨ ਅਤੇ ਜ਼ੁੰਮੇਵਾਰੀ ਦਾ ਅਹਿਸਾਸ ਕਰਵਾਉਣ ਦੀ ਅਮਲੀ ਸਿਖਿਆ ਦੇਣ ਲਈ ਆਪਣੇ ਬੱਚਿਆਂ ਨੂੰ ਘਰ ਵਿਚ ਹੀ ਕੋਈ ਕਮਰਾ ਜਾਂ ਅਲਮਾਰੀ ਜਾਂ ਮੇਜ਼ ਆਦਿ ਦੇ ਦੇਣਾ ਚਾਹੀਦਾ ਹੈ, ਜਿਥੇ ਉਹ ਆਪਣੇ ਖਿਡੌਣੇ, ਕਿਤਾਬਾਂ, ਤਸਵੀਰਾਂ ਆਦਿ ਸੰਭਾਲ ਕੇ ਕਿਸੇ ਤਰਤੀਬ ਵਿੱਚ ਰੱਖ ਸਕਣ। ਉਨ੍ਹਾਂ ਨੂੰ ਸਮਝਾਇਆ ਜਾਏ ਕਿ ਜੋ ਚੀਜ਼ ਵੀ ਚੁੱਕੇ, ਪ੍ਰਯੋਗ ਕਰ ਕੇ ਉਸੇ ਥਾਂ ਫਿਰ ਸੰਭਾਲ ਕੇ ਰੱਖ ਦਿੱਤੀ ਜਾਏ, ਆਪਣੇ ਇਸ ਸਥਾਨ ਦੀ ਸਾਫ ਸਫਾਈ ਤੇ ਸਾਂਭ-ਸੰਭਾਲ ਆਪੇ ਕਰਨ। ਮਾਪੇ ਇਸ ਵਿਚ ਉਨ੍ਹਾਂ ਦੀ ਥੋੜੀ ਬਹੁਤੀ ਸਹਾਇਤਾ ਕਰ ਸਕਦੇ ਹਨ। ਆਪਣੇ ਬਾਰੇ ਫੈਸਲਾ ਕਰਨ ਦੇ ਸਮੱਰਥ ਕਰਨ ਲਈ ਵੀ ਮਾਪਿਆਂ ਨੂੰ ਬੱਚਿਆਂ ਦੀ ਮੱਦਦ ਕਰਨੀ ਚਾਹੀਦੀ ਹੈ। ਆਪਣੇ ਬੱਚਿਆਂ ਦੇ ਸਹਿ-ਜਮਾਤੀਆਂ, ਦੋਸਤਾਂ ਬਾਰੇ ਪੂਰੀ ਜਾਣਕਾਰੀ ਰੱਖੀ ਜਾਏ, ਉਨ੍ਹਾਂ ਨੂੰ ਆਪਣੇ ਘਰ ਬੁਲਾਇਆ ਜਾਏ ਤੇ ਆਪਣੇ ਬੱਚਿਆਂ ਵਾਂਗ ਹੀ ਪਿਆਰ ਦਿੱਤਾ ਜਾਏ। ਇਸ ਤਰ੍ਹਾਂ ਆਪਣੇ ਬੱਚਿਆਂ ਵਿਚ ਜਿੱਥੇ ਆਤਮ-ਵਿਸ਼ਵਾਸ ਵੱਧੇਗਾ, ਉਹ ਆਪਣੇ ਤੇ ਆਪਣੇ ਦੋਸਤਾਂ ਦੇ ਮਾਪਿਆਂ ਦੀ ਵੀ ਇਜ਼ਤ ਕਰਨਗੇ।ਸਿੱਖ "ਸਰਬਤ ਦਾ ਭਲਾ" ਚਾਹੁੰਦੇ ਹਨ। ਹੁਣ ਜਦੋਂ ਸਾਰੀ ਦੁਨੀਆਂ ਇਕ ਵਿਸ਼ਵੀ ਪਿੰਡ (ਗਲੋਬਲ ਵਿਲੇਜ) ਬਣਦੀ ਜਾ ਰਹੀ ਹੈ, ਆਪਣੇ ਬੱਚਿਆਂ ਨੂੰ ਸਿੱਖ ਧਰਮ ਦੇ ਨਾਲ ਦੂਜੇ ਪ੍ਰਮੁੱਖ ਧਰਮਾਂ ਬਾਰੇ ਵੀ ਜਾਣਕਾਰੀ ਦੇਈਏ ਤਾਂ ਜੋ ਉਹ ਕਿਸੇ ਦੂਜੇ ਧਰਮ ਨੂੰ ਆਪਣੇ ਧਰਮ ਨਾਲੋਂ ਮਾੜਾ ਨਾ ਸਮਝਣ ਅਤੇ ਦੂਜੇ ਧਰਮਾਂ ਦੇ ਪੀਰਾਂ, ਪੈਗੰਬਰਾਂ, ਅਵਤਾਰਾਂ, ਮਹਾਂਪੁਰਖਾਂ ਵਲੋਂ ਦਿੱਤੀਆਂ ਚੰਗੀਆਂ ਸਿਖਿਆਵਾਂ ਵੀ ਗ੍ਰਹਿਣ ਕਰ ਸਕਣ।ਅੱਜ ਕਲ ਸਵੇਰੇ ਸਵੇਰੇ ਲੱਗਪੱਗ ਹਰ ਟੀ.ਵੀ. ਚੈਨਲ 'ਤੇ ਸ਼ਬਦ ਕੀਰਤਨ ਜਾਂ ਗੁਰਬਾਣੀ-ਵਿਆਖਿਆ ਤੇ ਕਥਾ ਦੇ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ। ਆਪਣੇ ਟੀ.ਵੀ. ਸੈਟ ਉਤੇ ਇਹ ਪ੍ਰੋਗਰਾਮ ਲਗਾ ਰਖਣੇ ਚਾਹੀਦੇ ਹਨ। ਠੀਕ ਹੈ ਕਿ ਬੱਚੇ ਇਨ੍ਹਾਂ ਸ਼ਬਦ-ਕੀਰਤਨ ਜਾਂ ਕਥਾ ਦੇ ਪ੍ਰੋਗਰਾਮਾਂ ਵਿਚ ਕੋਈ ਦਿਲਚੱਸਪੀ ਨਹੀਂ ਲੈਂਦੇ, ਪਰ ਸੰਗੀਤਮਈ ਸ਼ਬਦ ਉਨ੍ਹਾਂ ਦੇ ਕੰਨਾਂ ਵਿੱਚ ਤਾਂ ਪੈਂਦੇ ਹਨ ਤੇ ਅਚੇਤ ਮਨ ਵਿੱਚ ਚਲੇ ਜਾਂਦੇ ਹਨ। ਵੱਡੇ ਹੋ ਕੇ ਅਕਸਰ ਇਹ ਆਪਣਾ ਪ੍ਰਭਾਵ ਦਿਖਾਉਂਦੇ ਹਨ।ਬੱਚਿਆਂ ਨੂੰ ਨਗਰ ਕੀਰਤਨ, ਗੁਰੂ ਕਾ ਲੰਗਰ ਵਿੱਚ ਸੇਵਾ ਕਰਨ, ਛਬੀਲਾਂ 'ਤੇ ਪਾਣੀ ਆਦਿ ਪਿਲਾਉਣ ਦੀ ਸੇਵਾ 'ਤੇ ਲਗਾਉਣਾ ਚਾਹੀਦਾ ਹੈ। ਇਸ ਨਾਲ ਦੂਜਿਆਂ ਦੀ ਸੇਵਾ ਕਰਨ ਦੀ ਲਗਨ ਦੇ ਨਾਲ ਸੁਭਾਅ ਵਿੱਚ ਵੀ ਨਿਮ੍ਰਤਾ ਤੇ ਵੱਡਿਆਂ ਦੀ ਇਜ਼ਤ ਕਰਨ ਦੀ ਭਾਵਨਾ ਆਉਂਦੀ ਹੈ। ਆਪਣੇ ਮਹਾਨ ਵਿਰਸੇ ਬਾਰੇ ਵੀ ਉਨ੍ਹਾਂ ਨੂੰ ਜਾਣਕਾਰੀ ਦੇਦੇ ਕੇ ਜੋੜਨਾ ਚਾਹੀਦਾ ਹੈ। ਬੱਚਿਆਂ ਨੂੰ ਸਕੂਲ ਵਿੱਚ ਹੁੰਦੇ ਸਭਿਆਚਾਰਕ ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਲਈ ਵੀ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਉਨ੍ਹਾਂਨੂੰ ਆਪਣੇ ਵਿਚਾਰ ਪ੍ਰਗਟ ਕਰਨ ਤੇ ਮੰਚ 'ਤੇ ਬੋਲਣ ਦਾ ਝਾਕਾ ਖੁਲ੍ਹ ਜਾਏਗਾ। ਨਗਰ ਕੀਰਤਨ ਤੇ ਪ੍ਰਕਾਸ਼ ਪੁਰਬਾਂ 'ਤੇ ਉਨ੍ਹਾਂ ਨੂੰ ਕੋਈ ਸ਼ਬਦ, ਧਾਰਮਿਕ ਗੀਤ, ਕਵਿਤਾ ਆਦਿ ਸੁਣਾਉਣ ਦਾ ਅਵਸਰ ਦੇਣਾ ਚਾਹੀਦਾ ਹੈ।ਬੱਚਿਆਂ ਦੇ ਗਿਆਨ ਤੇ ਜਾਣਕਾਰੀ ਵਿੱਚ ਵੱਧ ਤੋਂ ਵੱਧ ਵਾਧਾ ਕਰਨ ਲਈ ਸਾਨੂੰ ਉਨ੍ਹਾਂ ਨੂੰ ਘੁੰਮਾਉਣਾ ਫਿਰਾਉਣਾ ਚਾਹੀਦਾ ਹੈ। ਛੁੱਟੀ ਵਾਲੇ ਦਿਨ ਕਿਸੇ ਗੁਰਦੁਆਰੇ ਦੇ ਦਰਸ਼ਨਾਂ ਲਈ ਲੈ ਜਾਣਾ ਚਾਹੀਦਾ ਹੈ। ਕਦੀ ਕਦੀ ਕਿਸੇ ਅਜਾਇਬ ਘਰ, ਚਿੜੀਆ ਘਰ, ਪਾਰਕ ਆਦਿ ਵਿਚ ਲੈ ਜਾਣਾ ਚਾਹੀਦਾ ਹੈ। ਛੁੱਟੀਆਂ ਵਿਚ ਕਿਤੇ ਬਾਹਰ ਸੈਰ-ਸਪਾਟੇ ਲਈ ਲੈ ਜਾਈਏ, ਤਾਂ ਕਿ ਉਹ ਰੋਜ਼ ਵਾਲੇ ਮਾਹੌਲ ਤੋਂ ਬਾਹਰ ਜਾ ਕੇ ਤਰੋ-ਤਾਜ਼ਾ ਹੋ ਕੇ ਆਪਣੀ ਪੜ੍ਹਾਈ ਵਿੱਚ ਜੁਟ ਜਾਣ। ਉਨ੍ਹਾਂ ਨੂੰ ਖੇਡਾਂ ਵਿੱਚ ਵੀਬਚਪਨ ਤੋਂ ਹੀ ਹਿੱਸਾ ਲੈਣ ਲਈ ਪ੍ਰੇਰਨਾ ਚਾਹੀਦਾ ਹੈ। ਖੇਡਾਂ ਨਾਲ ਜਿੱਥੇ ਸਰੀਰ ਚੁਸਤ ਦਰੁਸਤ ਰਹਿੰਦਾ ਹੈ, ਇਕ ਦੂਜੇ ਨਾਲ ਮਿਲ ਕੇ ਖੇਡਣ ਨਾਲ ਆਪਣੀ ਟੀਮ ਦੀ ਸਫਲਤਾ ਬਾਰੇ ਅਹਿਸਾਸ ਪੈਦਾ ਹੁੰਦਾ ਹੈ ਅਤੇ ਖੇਡਾਂ ਵਿੱਚ ਇਹ ਜਿੱਤ-ਹਾਰ ਜ਼ਿੰਦਗੀ ਦੇ ਹਰ ਖੇਤਰ ਵਿੱਚ ਜਿੱਤ-ਹਾਰ ਦਾ ਸਾਹਮਣਾ ਕਰਨ ਲਈ ਸਹਾਈ ਹੁੰਦੀ ਹੈ।ਗੁਰੂ ਇਤਿਹਾਸ ਨਾਲ ਸਬੰਧਤ ਪ੍ਰੋਗਰਾਮਾਂ ਅਤੇ ਹੋਰ ਗੁਰਮਤਿ ਸਮਾਗਮਾਂ ਵਿੱਚ ਸ਼ਾਮਿਲ ਹੋਣ ਸਮੇਂ ਜਾਂ ਆਪ ਲੰਗਰ, ਛਬੀਲ ਆਦਿ 'ਤੇ ਸੇਵਾ ਕਰਨ ਸਮੇਂ ਬੱਚਿਆਂ ਨੂੰ ਵੀ ਨਾਲ ਲੈ ਜਾਣਾ ਚਾਹੀਦਾ ਹੈ ਤਾਂ ਜੋ ਉਹ ਆਪਣੇ ਮਹਾਨ ਵਿਰਸੇ ਨਾਲ ਜੁੜ ਸਕਣ।

**ਹਰਬੀਰ ਸਿੰਘ ਭੰਵਰ**

# ਦਸਮ ਪਾਤਸ਼ਾਹ ਦੀ ਬਾਣੀ: ਜਾਪੁ ਸਾਹਿਬ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿੱਥੇ ਮਹਾਨ ਰੂਹਾਨੀ ਆਗੂ, ਬੀਰ ਸੈਨਾਪਤੀ ਅਤੇ ਧੁਰੰਤਰ ਸਾਹਿਤਕਾਰ ਸਨ ਉੱਥੇ ਮਹਾਨ ਬਾਣੀਕਾਰ ਤੇ ਸੰਤ ਸਿਪਾਹੀ ਸਨ। ਗੁਰੂ ਸਾਹਿਬ ਦੀ ਪ੍ਰਮੁੱਖ ਰਚਨਾ 'ਜਾਪੁ ਸਾਹਿਬ' ਹੈ। ਅਕਾਲ ਪੁਰਖ ਦੀ ਮਹਿਮਾ ਨਿਰਗੁਣਵਾਦੀ-ਵਿਸ਼ੇਸ਼ਣਾਂ ਰਾਹੀਂ ਪ੍ਰਸਤੁਤ ਕੀਤੀ ਗਈ ਹੈ। ਇਸ ਅਨੂਠੇ ਢੰਗ ਦੀ ਰਚਨਾ ਦੁਆਰਾ ਪਰਮਸਤਿ ਦੇ ਸਰੂਪ ਦਾ ਗੁਣਗਾਨ ਕੀਤਾ ਗਿਆ ਹੈ। ਇਹ ਬਾਣੀ ਮਨੁੱਖੀ ਮਨ ਨੂੰ ਅਕਾਲ ਪੁਰਖ ਦੇ ਚਰਨਾਂ, ਵਿਚ ਲੀਨਤਾ ਪ੍ਰਦਾਨ ਕਰਨ ਦਾ ਜਲੌਅ ਹੈ। ਇਸ ਰਚਨਾ ਵਿਚ ੧੯੯ ਬੰਦ ਅਤੇ ੨੨ ਛੰਦ ਹਨ ਜਿਨ੍ਹਾਂ ਵਿਚ ਦਸ ਛੰਦ ਬੀਰ ਰਸ ਵਾਲੇ ਹਨ ਜਿਵੇਂ ਛਪੈ, ਭੁਜੰਗ ਪ੍ਰਯਾਤ, ਚਾਚਰੀ, ਰੂਆਲ, ਭਗਵਤੀ, ਹਰਿਬੋਲਮਨਾ, ਚਰਪਟ, ਮਧੁਭਾਰ, ਰਸਾਵਲ ਅਤੇ ਏਕ ਅਛਰੀ ਵਰਤੇ ਗਏ ਹਨ।ਜਾਪੁ ਸਾਹਿਬ ਵਿਚ ਗੁਰੂ ਸਾਹਿਬ ਨੇ ਅਕਾਲ ਪੁਰਖ ਦੇ ਨਾਂ ਵੀ ਜੁਝਾਰੂ ਯੋਧਿਆਂ ਵਾਲੇ ਚਿੱਤਰੇ ਹਨ ਜਿਵੇਂ ਅਸਿਕੇਤੁ, ਅਸਿਧੁਜ, ਅਸਿਪਾਣ, ਸਸਤ੍ਰਪਾਣਿ ਆਦਿ। ਦਸਮ ਪਿਤਾ ਨੇ ਭਗਤੀ ਦਾ ਸ਼ਕਤੀ ਨਾਲ ਮਿਲਾਪ ਕਰਾ ਕੇ ਨਵਾਂ ਬਿੰਬ ਸਥਾਪਿਤ ਕੀਤਾ।ਦਸਮ ਪਿਤਾ ਨੇ ਆਪਣੇ ਕਈ ਛੰਦਾਂ ਵਿਚ ਪ੍ਰਤੀਕਾਤਮਿਕ ਅਤੇ ਸਕਾਰਾਤਮਿਕ ਸ਼ੈਲੀਆਂ ਦਾ ਪ੍ਰਯੋਗ ਕਰਕੇ ਸਰੂਪ ਚਿਤਰਨ ਉਭਾਰਿਆ ਹੈ। ਪਰਮ ਸੱਤਾ ਦੇ ਸਰੂਪ ਵਰਣਨ ਵਿਚ ਇਕ ਵਿਸ਼ੇਸ਼ਤਾ ਇਹ ਵੇਖੀ ਗਈ ਹੈ ਕਿ ਗੁਰੂ ਸਾਹਿਬ ਜੀ ਨੇ ਪਹਿਲਾਂ ਇਕ ਪ੍ਰਤਿਸ਼ਠਿਤ ਸੱਤਾ ਅਥਵਾ ਸ਼ਕਤੀ ਦਾ ਉਲੇਖ ਕਰ ਕੇ ਫਿਰ ਬ੍ਰਹਮ ਜਾਂ ਆਪਣੇ ਇਸ਼ਟ ਦੇਵ ਨੂੰ ਉਸ ਤੋਂ ਉੱਪਰ ਜਾਂ ਸ੍ਰੇਸ਼ਠ ਘੋਸ਼ਿਤ ਕੀਤਾ ਹੈ।ਹਰ ਸ਼ਬਦ ਸ਼ਸਤਰਧਾਰੀ ਯੋਧਾ ਹੈ ਜੋ ਨਾਮ ਸਿਮਰਨ ਦੇ ਨਾਲ-ਨਾਲ ਯੁੱਧ ਕਿਰਿਆ ਵਿਚ ਲੀਨ ਹੈ। ਉਸ ਦੀ ਗਤੀ ਵੀਰਤਾ ਵਾਲੀ ਹੈ, ਪ੍ਰਭਾਵ ਵੀ ਵੀਰਤਾ ਵਾਲਾ। ਅਮਨੁੱਖਤਾ ਦੇ ਵਿਰੁੱਧ ਲੜਾਈ ਲੜਨ ਵਾਲੇ ਸੂਰਮੇ ਦਾ ਜਾਪ ਹੈ।ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਸਿਰਮੌਰ (ਨਾਹਨ) ਵਿਚ ਜਮਨਾ ਦਰਿਆ ਦੇ ਕੰਢੇ ਦਸਮ ਪਿਤਾ ਨੇ ੧੬੮੫ ਈ: ਵਿਚ ਸ਼ਹਿਰ 'ਪਾਉਂਟਾ ਸਾਹਿਬ' ਦੀ ਨੀਂਹ ਰੱਖੀ ਸੀ। ਇਹ ਜ਼ਮੀਨ ਰਾਜਾ ਮੇਦਨੀ ਪ੍ਰਕਾਸ਼ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਭੇਟਾ ਕੀਤੀ ਸੀ। ਇੱਥੇ ਗੁਰੂ ਸਾਹਿਬ ਕਈ ਵਰ੍ਹੇ ਰਹੇ। 'ਪਾਉਂਟਾ ਸਾਹਿਬ' ਵਿਚ ਗੁਰੂ ਸਾਹਿਬ ਨਾਲ ਸੰਬੰਧਿਤ ਸੱਤ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਹਨ। 'ਕਵੀ ਦਰਬਾਰ ਅਸਥਾਨ' ਉਹ ਥਾਂ ਹੈ ਜਿੱਥੇ ਗੁਰੂ ਸਾਹਿਬ ੫੨ ਕਵੀਆਂ ਨਾਲ ਕਵੀ ਦਰਬਾਰ ਸਜਾਇਆ ਕਰਦੇ ਸਨ। ਇੱਥੇ ਹੀ ਗੁਰੂ ਸਾਹਿਬ ਨੇ ਜਾਪੁ ਸਾਹਿਬ, ਸਵੱਯੈ ਪਾਤਸ਼ਾਹੀ ਦਸਵੀਂ ਆਦਿ ਦੀ ਰਚਨਾ ਕੀਤੀ ਮੰਨੀ ਜਾਂਦੀ ਹੈ।ਜਾਪੁ ਸਾਹਿਬ ਦੀ ਭਾਸ਼ਾ ਮਿਸ਼ਰਿਤ ਹੈ ਜਿਸ ਵਿਚ ਸਾਧੂਕੜੀ, ਪੰਜਾਬੀ, ਸੰਸਕ੍ਰਿਤ, ਅਰਬੀ ਤੇ ਫ਼ਾਰਸੀ ਮੁੱਖ ਮੰਨੀਆਂ ਜਾਂਦੀਆਂ ਹਨ। ਭਾਸ਼ਾਈ-ਮਿਸ਼ਰਨ ਜੁਗਤ ਪੱਖੋਂ ਇਹ ਬਾਣੀ ਅਨੂਪਮ ਅਤੇ ਵਿਸ਼ੇਸ਼ਣ ਪ੍ਰਧਾਨਤਾ ਦਾ ਸਰੂਪ ਪੇਸ਼ ਕਰਦੀ ਹੈ। ਸਰਬ ਸਾਂਝੀ ਭਾਸ਼ਾ ਅਤੇ ਸ਼ੈਲੀ ਅਨੋਖੀ ਅਤੇ ਬੇਮਿਸਾਲ ਹੈ। 'ਜਾਪੁ ਸੰਸਕ੍ਰਿਤ ਦੇ ਸ਼ਬਦ 'ਜਪ' ਦਾ ਮੂਲ ਹੈ ਜਿਸ ਦੇ ਅਰਥ ਹਨ: ਹੌਲੀ ਆਵਾਜ਼ ਵਿਚ ਉਚਾਰਨ ਕਰਨਾ। ਅਕਾਲਪੁਰਖ ਦੇ ਨਾਮ ਦਾ ਉਚਾਰਨ ਕਰਨਾ। ਇਹ ਬਾਣੀ ਨਿੱਤਨੇਮ ਦੀ ਹੈ। 'ਖੰਡੇ ਦੀ ਪਾਹੁਲ' ਸਮੇਂ ਵੀ ਪੰਜਾਂ ਬਾਣੀਆਂ 'ਚੋਂ ਇੱਕ ਹੈ।ਜਪੁ, ਜਾਪ, ਸਵੈਯੇ, ਚੌਪਈ, ਅਨੰਦ ਕੋ, ਪਾਠ ਸੋਂ ਪਾਹੁਲ ਤਿਆਰ ਕਰੀਜੈ। ਪਾਂਚਓ ਚੁਲੇ ਮੁਖ ਪਾਵਹਿ ਸੁ ਯਾਜਕ ਏਤ ਹੀ ਨੇਤਰ ਕੇਸ ਪਵੀਜੈ।।੧੧੩।।ਡਾ. ਰਤਨ ਸਿੰਘ (ਜੱਗੀ) ਅਨੁਸਾਰ ਜਾਪੁ ਸਾਹਿਬ ਭਾਸ਼ਾਈ ਪਵਿੱਤਰਤਾ, ਸੁਚੱਜਾ ਅਤੇ ਸਰਬ ਸਾਂਝੇਪਣ ਦਾ ਸੁੰਦਰ ਨਮੂਨਾ ਹੈ।" ਜਾਪੁ ਸਾਹਿਬ ਸੰਤ ਸਿਪਾਹੀ ਨੂੰ ਮੈਦਾਨ-ਏ-ਜੰਗ ਲਈ ਉਤਸ਼ਾਹਿਤ ਅਤੇ ਨਿਰਦੇਸ਼ਿਤ ਕਰਦੀ ਹੈ, ਇਸ ਦਾ ਰਚਨਾ-ਵਿਧਾਨ ਗਤਕੇ ਦੀ ਚਾਲ 'ਤੇ ਮੰਨਿਆ ਜਾਂਦਾ ਹੈ। ਤਵਾਰੀਖ ਵਿਚ ਜ਼ਿਕਰ ਆਉਂਦਾ ਹੈ ਕਿ ਪੁਰਾਤਨ ਸਿੰਘ ਇਸ ਬਾਣੀ ਦਾ ਪਾਠ ਕਮਰਕੱਸਾ ਕਰ ਕੇ ਕਰਦੇ ਸਨ। ਇਸ ਤਰ੍ਹਾਂ ਤੇਗ ਅਤੇ ਮਾਲਾ ਦਾ ਤੇਜ਼ ਚਾਨਣ ਵਿਚ ਪ੍ਰਗਟ ਹੁੰਦਾ ਸੀ।ਭੰਗਾਣੀ ਦੇ ਯੁੱਧ ਵਿਚ ਗੁਰੂ ਸਾਹਿਬ ਜੋ 'ਚਾਰ ਆਇਨਾ' ਧਾਤ ਦਾ ਜ਼ਰਾਬਕਤਰ ਪਹਿਨਦੇ ਸਨ, ਉਸ ਦੀ ਪੇਟੀ 'ਤੇ ਗੁਰਬਾਣੀ ਅੰਕਿਤ ਹੁੰਦੀ ਸੀ। ਚਾਰ ਆਇਨਾ ਦੇ ਦੂਜੇ ਆਇਨਾ 'ਤੇ 'ਜਾਪੁ ਸਾਹਿਬ' ਦਾ ਪਹਿਲਾ ਛੰਦ ਉੱਕਰਿਆ ਹੋਇਆ ਹੈ, ਜੋ ਅੱਜ ਵੀ ਪਟਿਆਲਾ ਘਰਾਣੇ ਕੋਲ ਮੌਜੂਦ ਹੈ। ਡਾ. ਰਤਨ ਸਿੰਘ ਦੇ ਸ਼ਬਦਾਂ ਵਿਚ, "ਜਾਪੁ ਸਾਹਿਬ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਬਾਣੀ ਦੀ ਪਰੰਪਰਾ ਵਿਚ ਨਿਰਗੁਣ, ਸਰਬ ਵਿਆਪਕ ਬ੍ਰਹਮ ਦੀ ਉਸਤਤ ਕਰਦਿਆਂ ਯੁੱਗ ਦੀ ਲੋੜ ਅਨੁਸਾਰ ਉਸ ਵਿਚ ਜੁਝਾਰੂ ਅਤੇ ਮਰਿ ਮਕੰਦਨ ਸ਼ਕਤੀ ਦਾ ਵੀ ਆਰੋਪ ਕੀਤਾ ਹੈ। ਇਸ ਤੋਂ ਇਲਾਵਾ ਵਿਰੋਧਾਤਮਕ, ਸਕਾਰਾਤਮਕ ਅਤੇ ਨਿਸ਼ੇਧਾਤਮਕ ਸ਼ੈਲੀ ਪ੍ਰਯੋਗਾਂ ਰਾਹੀਂ ਉਸ ਨੂੰ ਸਹੀ ਪਰਿਪੇਖ ਪ੍ਰਦਾਨ ਕੀਤਾ ਹੈ ਅਤੇ ਅਨੇਕ ਧਰਮਾਂ ਵਿਚ ਪਰਮਸੱਤਾ ਲਈ ਪ੍ਰਤਿਸ਼ਠਿਤ ਨਾਂਵਾਂ ਦੀ ਵਰਤੋਂ ਕਰ ਕੇ ਇਸ਼ਟ ਦੇਵ ਦੇ ਸਰੂਪ ਨੂੰ ਸਰਵ ਧਰਮ-ਗ੍ਰਾਹੀ ਬਣਾਇਆ ਹੈ ਅਤੇ ਪਰਮ ਸੱਤਾ ਦਾ ਅਜਿਹਾ ਸਰੂਪ ਚਿਤਰਨ ਕਰ ਕੇ ਭਾਵਾਤਮਿਕ ਏਕਤਾ ਕਾਇਮ ਕਰਨ ਦਾ ਯਾਦਗਾਰੀ ਉੱਦਮ ਕੀਤਾ ਹੈ। ਇਸ ਤੋਂ ਇਲਾਵਾ ਭਗਤੀ ਅਤੇ ਸ਼ਕਤੀ ਦਾ ਸਮਨੇਵ ਕਰ ਕੇ ਨਵ-ਸਿਰਜਿਤ ਖਾਲਸਾ ਭਾਈਚਾਰੇ ਨੂੰ ਸੰਤ ਸਿਪਾਹੀ ਬਣਨ ਦੀ ਜੁਗਤ ਦੱਸੀ ਗਈ ਹੈ।ਸਿੱਖ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਗਤਕਾ ਅਖਾੜਿਆਂ ਵਿਚ ਸ਼ੁਰੂ ਤੋਂ ਇਹ ਪਰਿਪਾਟੀ ਰਹੀ ਹੈ ਕਿ ਗਤਕੇ ਦੇ ਅਭਿਆਸ ਸਮੇਂ 'ਜਾਪੁ ਸਾਹਿਬ' ਦਾ ਪਾਠ ਉੱਚੀ ਸੁਰ ਨਾਲ ਕੀਤਾ ਜਾਂਦਾ ਸੀ । ਪਰੰਪਰਾ ਇਸ ਗੱਲ ਦੀ ਸਾਖੀ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਰਚੀ ਇਸ ਬਾਣੀ ਨੂੰ ਗੁਰੂ ਸਾਹਿਬ ਸਵੇਰ ਵੇਲੇ ਗਤਕੇ ਦੀ 'ਭੋਗਪੁਰਾ' ਨਾਮਕ ਸਥਾਨ ਉੱਤੇ ਆਪਣੇ ਸੈਨਾਨੀਆਂ ਨੂੰ ਸਿਖਲਾਈ ਕਰਵਾਉਂਦੇ ਸਨ। ਜਾਪੁ ਸਾਹਿਬ ਦਾ ਅਭਿਆਸ ਵੀ ਨਾਲ-ਨਾਲ ਕਰਾਉਂਦੇ ਸਨ। ਇਹ ਸਥਾਨ ਕੀਰਤਪੁਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਦੇ ਵਿਚਕਾਰ ਕਿਤੇ ਰਿਹਾ ਹੈ। ਮਿੱਟੀ ਦੇ ਦਸ ਕੁ ਫੁੱਟ ਉੱਚੇ ਨਿੱਕੇ ਟਿੱਲੇ ਦੇ ਆਲੇ-ਦੁਆਲੇ ਪੱਧਰੀ ਧਰਤੀ ਉੱਤੇ ਗਤਕਾ ਖੇਡਿਆ ਜਾਂਦਾ ਸੀ । ਟਿੱਲੇ ਉੱਤੇ ਬੈਠਾ ਸਿੰਘ ਜਾਪੁ ਸਾਹਿਬ ਦਾ ਪਾਠ ਉੱਚੀ ਸੁਰ ਵਿਚ ਕਰਦਾ ਸੀ।ਸੰਖੇਪ ਵਿਚ ਅਸੀਂ ਆਖ ਸਕਦੇ ਹਾਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਮੁਖਾਰਬਿੰਦ ਤੋਂ ਉਚਾਰਿਤ ਬਾਣੀ ਹੈ 'ਜਾਪੁ ਸਾਹਿਬ' ਜਿਸ ਦਾ ਵਿਸ਼ਾ-ਵਸਤੂ, ਸ਼ੈਲੀ, ਭਾਸ਼ਾ ਅਤੇ ਪਿੰਗਲ ਦੇ ਕੋਣ ਤੋਂ ਅਨੂਪਮ ਬਾਣੀ ਹੈ।

**-ਡਾ. ਜਸਬੀਰ ਸਿੰਘ**

## ਜਾਪੁ ਸਾਹਿਬ

ੴ ਸਤਿਗੁਰ ਪ੍ਰਸਾਦਿ ॥
ਸ੍ਰੀ ਵਾਹਿਗੁਰੂ ਜੀ ਕੀ ਫਤਹ ॥
ਜਾਪੁ
ਸ੍ਰੀ ਮੁਖਵਾਕ ਪਾਤਿਸ਼ਾਹੀ ੧੦॥
ਛਪੈ ਛੰਦ ॥ ਤ੍ਵ ਪ੍ਰਸਾਦਿ ॥
ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ ॥
ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿੱਜੈ ॥
ਕੋਟਿ ਇੰਦ੍ਰ ਇੰਦ੍ਰਾਣਿ ਸਾਹੁ ਸਾਹਾਣਿ ਗਣਿੱਜੈ ॥
ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ ॥
ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ ॥੧॥
ਭੁਜੰਗ ਪ੍ਰਯਾਤ ਛੰਦ ॥
ਨਮਸਤ੍ਵੰ ਅਕਾਲੇ ॥ ਨਮਸਤ੍ਵੰ ਕ੍ਰਿਪਾਲੇ ॥
ਨਮਸਤੰ ਅਰੂਪੇ ॥ ਨਮਸਤੰ ਅਨੂਪੇ ॥੨॥
ਨਮਸਤੰ ਅਭੇਖੇ ॥ ਨਮਸਤੰ ਅਲੇਖੇ ॥
ਨਮਸਤੰ ਅਕਾਏ ॥ ਨਮਸਤੰ ਅਜਾਏ ॥੩॥
ਨਮਸਤੰ ਅਗੰਜੇ ॥ ਨਮਸਤੰ ਅਭੰਜੇ ॥
ਨਮਸਤੰ ਅਨਾਮੇ ॥ ਨਮਸਤੰ ਅਠਾਮੇ ॥੪॥
ਨਮਸਤੰ ਅਕਰਮੰ ॥ ਨਮਸਤੰ ਅਧਰਮੰ ॥

# ਸਿੱਖ ਧਰਮ ਵਿਚ ਸੇਵਾ ਦਾ ਸੰਕਲਪ

ਸਿੱਖ ਧਰਮ ਇੱਕ ਕਰਮ-ਕੇਂਦਰਿਤ, ਜੀਵਨਮੁਖੀ ਅਤੇ ਲੋਕ-ਕਲਿਆਣਕ ਧਰਮ ਹੈ, ਜਿਸ ਦੀ ਨੀਵਾਂ ਵਿੱਚ ਸੇਵਾ ਦਾ ਸੰਕਲਪ ਕੇਂਦਰੀ ਸਥਾਨ ਰੱਖਦਾ ਹੈ। ਸੇਵਾ ਸਿਰਫ਼ ਕਿਸੇ ਇੱਕ ਧਾਰਮਿਕ ਕਰਤੱਬ ਜਾਂ ਰਸਮ ਤੱਕ ਸੀਮਿਤ ਨਹੀਂ, ਸਗੋਂ ਇਹ ਸਿੱਖ ਜੀਵਨ-ਦਰਸ਼ਨ ਦੀ ਰੂਹ ਹੈ। ਗੁਰਬਾਣੀ ਅਨੁਸਾਰ ਮਨੁੱਖੀ ਜੀਵਨ ਦਾ ਉਦੇਸ਼ ਪਰਮਾਤਮਾ ਦੀ ਭਗਤੀ ਦੇ ਨਾਲ-ਨਾਲ ਮਨੁੱਖਤਾ ਦੀ ਸੇਵਾ ਕਰਨਾ ਹੈ। ਸਿੱਖ ਧਰਮ ਵਿੱਚ ਸੇਵਾ ਨੂੰ ਅਹੰਕਾਰ-ਨਾਸ਼, ਸਮਾਨਤਾ, ਕਰੁਣਾ ਅਤੇ ਨਿਸ਼ਕਾਮਤਾ ਨਾਲ ਜੋੜ ਕੇ ਵੇਖਿਆ ਜਾਂਦਾ ਹੈ।ਸੇਵਾ ਦਾ ਅਰਥ ਅਤੇ ਮੂਲ ਭਾਵ:'ਸੇਵਾ' ਸ਼ਬਦ ਸੰਸਕ੍ਰਿਤ ਦੇ "ਸੇਵ" ਧਾਤੂ ਤੋਂ ਨਿਕਲਿਆ ਹੈ, ਜਿਸਦਾ ਅਰਥ ਹੈ—ਨਿਸ਼ਕਾਮ ਭਾਵ ਨਾਲ ਕਿਸੇ ਦੀ ਭਲਾਈ ਕਰਨੀ। ਸਿੱਖ ਧਰਮ ਵਿੱਚ ਸੇਵਾ ਦਾ ਮਤਲਬ ਹੈ:ਬਿਨਾ ਕਿਸੇ ਲਾਲਚ ਦੇਬਿਨਾ ਅਹੰਕਾਰ ਦੇਸਾਰਿਆਂ ਨਾਲ ਸਮਾਨਤਾ ਦੇ ਭਾਵ ਨਾਲਮਨ, ਤਨ ਅਤੇ ਧਨ ਰਾਹੀਂ ਸਮਾਜ ਅਤੇ ਸ੍ਰਿਸ਼ਟੀ ਦੀ ਭਲਾਈ ਲਈ ਯੋਗਦਾਨ ਦੇਣਾ।ਗੁਰਬਾਣੀ ਵਿੱਚ ਸੇਵਾ ਨੂੰ ਮੁਕਤੀ ਦਾ ਮਾਰਗ ਦੱਸਿਆ ਗਿਆ ਹੈ:

"ਸੇਵਾ ਕਰਤ ਹੋਇ ਨਿਹਕਾਮੀ।ਤਿਸ ਕਉ ਹੋਤ ਪਰਾਪਤਿ ਸੁਆਮੀ।।"(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 286)

ਇਸ ਪੰਕਤੀ ਤੋਂ ਸਪਸ਼ਟ ਹੁੰਦਾ ਹੈ ਕਿ ਨਿਸ਼ਕਾਮ ਸੇਵਾ ਮਨੁੱਖ ਨੂੰ ਪ੍ਰਭੂ ਨਾਲ ਜੋੜਦੀ ਹੈ।ਗੁਰੂ ਨਾਨਕ ਦੇਵ ਜੀ ਅਤੇ ਸੇਵਾ ਦਾ ਸੰਕਲਪ:ਸਿੱਖ ਧਰਮ ਦੇ ਸਥਾਪਕ ਗੁਰੂ ਨਾਨਕ ਦੇਵ ਜੀ ਨੇ ਸੇਵਾ ਨੂੰ ਧਾਰਮਿਕ ਜੀਵਨ ਦਾ ਅਟੁੱਟ ਅੰਗ ਬਣਾਇਆ। ਉਨ੍ਹਾਂ ਦਾ ਪ੍ਰਸਿੱਧ ਸਿਧਾਂਤ "ਕਿਰਤ ਕਰੋ, ਨਾਮ ਜਪੋ, ਵੰਡ ਛਕੋ" ਸੇਵਾ ਦੇ ਸੰਕਲਪ ਨੂੰ ਵਿਆਪਕ ਰੂਪ ਦਿੰਦਾ ਹੈ। 'ਵੰਡ ਛਕੋ' ਦਾ ਭਾਵ ਸਿਰਫ਼ ਧਨ ਦੀ ਵੰਡ ਨਹੀਂ, ਸਗੋਂ ਸਮਾਂ, ਸ਼ਕਤੀ ਅਤੇ ਸਹਾਇਤਾ ਦੀ ਵੰਡ ਵੀ ਹੈ।ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਸਮਾਨਤਾ ਉਤੇ ਜ਼ੋਰ ਦਿੰਦਿਆਂ ਕਿਹਾ ਕਿ ਜਾਤੀ, ਧਰਮ, ਲਿੰਗ ਜਾਂ ਧਨ ਦੇ ਆਧਾਰ 'ਤੇ ਕੋਈ ਵੱਖਰਾ ਨਹੀਂ। ਇਸੇ ਲਈ ਸੇਵਾ ਹਰ ਕਿਸੇ ਲਈ ਅਤੇ ਹਰ ਕਿਸੇ ਵੱਲੋਂ ਹੈ।



**ਗੁਰਬਾਣੀ ਵਿੱਚ ਸੇਵਾ ਦਾ ਦਰਸ਼ਨ:**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸੇਵਾ ਬਾਰੇ ਅਨੇਕਾਂ ਉਪਦੇਸ਼ ਮਿਲਦੇ ਹਨ। ਸੇਵਾ ਨੂੰ ਅਹੰਕਾਰ ਦੇ ਵਿਰੁੱਧ ਅਤੇ ਹਉਮੈ ਦੇ ਨਾਸ਼ ਦਾ ਸਾਧਨ ਦੱਸਿਆ ਗਿਆ ਹੈ:"ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ।।"(ਅੰਗ 466)ਇਸ 'ਦਾਰੂ' ਦਾ ਇਕ ਮਹੱਤਵਪੂਰਨ ਰੂਪ ਸੇਵਾ ਹੈ। ਗੁਰਬਾਣੀ ਅਨੁਸਾਰ, ਜੋ ਮਨੁੱਖ ਸੇਵਾ ਕਰਦਾ ਹੈ, ਉਹ ਆਪਣੇ ਅੰਦਰੋਂ 'ਮੈਂ' ਅਤੇ 'ਮੇਰਾ' ਦੇ ਭਾਵ ਨੂੰ ਤਿਆਗਦਾ ਹੈ।ਸੇਵਾ ਦੇ ਤਿੰਨ ਰੂਪ: ਤਨ, ਮਨ ਅਤੇ ਧਨਸਿੱਖ ਧਰਮ ਵਿੱਚ ਸੇਵਾ ਤਿੰਨ ਮੁੱਖ ਰੂਪਾਂ ਵਿੱਚ ਵਿਵਰਤ ਹੁੰਦੀ ਹੈ:-

**1. ਤਨ ਸੇਵਾ:** ਤਨ ਸੇਵਾ ਦਾ ਅਰਥ ਹੈ—ਸ਼ਰੀਰਕ ਮਿਹਨਤ ਰਾਹੀਂ ਕੀਤੀ ਸੇਵਾ। ਗੁਰਦੁਆਰੇ ਵਿੱਚ ਲੰਗਰ ਬਣਾਉਣਾ, ਸਫਾਈ ਕਰਨੀ, ਜੋੜਿਆਂ ਦੀ ਸੇਵਾ, ਪਾਣੀ ਪਿਲਾਉਣਾ ਆਦਿ ਤਨ ਸੇਵਾ ਦੇ ਪ੍ਰਮੁੱਖ ਉਦਾਹਰਣ ਹਨ। ਇਸ ਸੇਵਾ ਰਾਹੀਂ ਮਨੁੱਖ ਅਹੰਕਾਰ ਤਿਆਗ ਕੇ ਨਿਮਰਤਾ ਸਿੱਖਦਾ ਹੈ।

**2. ਮਨ ਸੇਵਾ:** ਮਨ ਸੇਵਾ ਦਾ ਸਬੰਧ ਵਿਚਾਰਾਂ ਅਤੇ ਭਾਵਨਾਵਾਂ ਨਾਲ ਹੈ। ਕਿਸੇ ਲਈ ਚੰਗਾ ਸੋਚਣਾ, ਦੁੱਖੀ ਨਾਲ ਸਾਂਝ ਪਾਉਣਾ, ਮਾਰਗਦਰਸ਼ਨ ਦੇਣਾ ਅਤੇ ਸੱਚੇ ਮਨ ਨਾਲ ਅਰਦਾਸ ਕਰਨੀ—ਇਹ ਸਾਰੀਆਂ ਮਨ ਸੇਵਾ ਦੇ ਰੂਪ ਹਨ।

**3. ਧਨ ਸੇਵਾ:** ਧਨ ਸੇਵਾ ਦਾ ਭਾਵ ਹੈ—ਆਪਣੀ ਕਮਾਈ ਵਿੱਚੋਂ ਸਮਾਜਕ ਭਲਾਈ ਲਈ ਦਾਨ ਕਰਨਾ। ਪਰ ਗੁਰਮਤਿ ਅਨੁਸਾਰ ਧਨ ਸੇਵਾ ਵੀ ਤਦ ਹੀ ਸਫਲ ਹੈ ਜਦੋਂ ਉਹ ਨਿਸ਼ਕਾਮ ਭਾਵ ਨਾਲ ਕੀਤੀ ਜਾਵੇ।

**ਲੰਗਰ ਪ੍ਰਥਾ: ਸੇਵਾ ਦਾ ਜਿਉਂਦਾ ਜਾਗਦਾ ਪ੍ਰਤੀਕ:** ਸਿੱਖ ਧਰਮ ਦੀ ਲੰਗਰ ਪ੍ਰਥਾ ਸੇਵਾ ਦਾ ਸਭ ਤੋਂ ਵਿਸ਼ਵ-ਪ੍ਰਸਿੱਧ ਅਤੇ ਵਿਲੱਖਣ ਉਦਾਹਰਣ ਹੈ। ਗੁਰੂ ਨਾਨਕ ਦੇਵ ਜੀ ਵੱਲੋਂ ਆਰੰਭ ਕੀਤੀ ਗਈ ਲੰਗਰ ਪ੍ਰਥਾ ਨੂੰ ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰ ਦਾਸ ਜੀ ਨੇ ਵਿਵਸਥਿਤ ਰੂਪ ਦਿੱਤਾ। ਗੁਰੂ ਅਮਰ ਦਾਸ ਜੀ ਦਾ ਸਪਸ਼ਟ ਹੁਕਮ ਸੀ: "ਪਹਿਲਾਂ ਪੰਗਤ, ਫਿਰ ਸੰਗਤ।"ਲੰਗਰ ਵਿੱਚ ਅਮੀਰ-ਗਰੀਬ, ਉੱਚ-ਨੀਚ, ਸਾਰੀਆਂ ਜਾਤੀਆਂ ਅਤੇ ਧਰਮਾਂ ਦੇ ਲੋਕ ਇਕੱਠੇ ਬੈਠ ਕੇ ਭੋਜਨ ਕਰਦੇ ਹਨ। ਇਹ ਸਮਾਨਤਾ, ਸੇਵਾ ਅਤੇ ਮਨੁੱਖਤਾ ਦਾ ਪ੍ਰਗਟਾਵਾ ਹੈ।

**ਇਤਿਹਾਸਕ ਦ੍ਰਿਸ਼ਟਾਂਤਾਂ ਵਿੱਚ ਸੇਵਾ:**-ਸਿੱਖ ਇਤਿਹਾਸ ਸੇਵਾ ਦੇ ਅਨੇਕ ਉੱਚੇ ਉਦਾਹਰਣਾਂ ਨਾਲ ਭਰਿਆ ਪਿਆ ਹੈ।ਭਾਈ ਘਨੱਈਆ ਜੀ ਨੇ ਯੁੱਧਭੂਮੀ ਵਿੱਚ ਜਖਮੀ ਦੁਸ਼ਮਣ ਸੈਨਿਕਾਂ ਨੂੰ ਵੀ ਪਾਣੀ ਪਿਲਾਇਆ।ਗੁਰੂ ਤੇਗ ਬਹਾਦੁਰ ਜੀ ਨੇ ਧਰਮ ਦੀ ਰੱਖਿਆ ਲਈ ਆਪਣਾ ਸੀਸ ਦੇ ਕੇ ਮਨੁੱਖਤਾ ਦੀ ਮਹਾਨ ਸੇਵਾ ਕੀਤੀ।ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਰਾਹੀਂ ਸੇਵਾ, ਸਿਮਰਨ ਅਤੇ ਸ਼ਹਾਦਤ ਨੂੰ ਇਕਸਾਰ ਕਰ ਦਿੱਤਾ।

**ਸੇਵਾ ਅਤੇ ਸਮਾਜਕ ਜ਼ਿੰਮੇਵਾਰੀ:**ਸਿੱਖ ਧਰਮ ਵਿੱਚ ਸੇਵਾ ਸਿਰਫ਼ ਗੁਰਦੁਆਰੇ ਦੀ ਚੌਹਦਰੀ ਤੱਕ ਸੀਮਿਤ ਨਹੀਂ। ਸਮਾਜਕ ਅਨਿਆਇ, ਗਰੀਬੀ, ਅਨਪੜ੍ਹਤਾ, ਬਿਮਾਰੀ ਅਤੇ ਆਫ਼ਤਾਂ ਵੇਲੇ ਸੇਵਾ ਕਰਨਾ ਸਿੱਖੀ ਦਾ ਮੂਲ ਫਰਜ਼ ਹੈ। ਆਧੁਨਿਕ ਸਮੇਂ ਵਿੱਚ ਸਿੱਖ ਸੰਸਥਾਵਾਂ ਦੁਨੀਆ ਭਰ ਵਿੱਚ ਆਫ਼ਤ-ਰਾਹਤ, ਮੈਡੀਕਲ ਕੈਂਪ, ਸਿੱਖਿਆ ਅਤੇ ਭੁੱਖਮਰੀ ਦੇ ਖਿਲਾਫ਼ ਕੰਮ ਕਰ ਰਹੀਆਂ ਹਨ।ਸੇਵਾ ਅਤੇ ਆਧੁਨਿਕ ਸੰਸਾਰਅੱਜ ਦੇ ਭੌਤਿਕਵਾਦੀ ਯੁੱਗ ਵਿੱਚ, ਜਿੱਥੇ ਸਵਾਰਥ ਪ੍ਰਧਾਨ ਹੋ ਗਿਆ ਹੈ, ਸਿੱਖ ਧਰਮ ਦਾ ਸੇਵਾ ਸੰਕਲਪ ਮਨੁੱਖਤਾ ਲਈ ਇਕ ਪ੍ਰਕਾਸ਼ ਸਤੰਭ ਹੈ। ਸੇਵਾ ਮਨੁੱਖ ਨੂੰ ਸਿਰਫ਼ ਧਾਰਮਿਕ ਨਹੀਂ, ਸਗੋਂ ਨੈਤਿਕ ਅਤੇ ਸਮਾਜਕ ਤੌਰ 'ਤੇ ਵੀ ਉੱਚਾ ਬਣਾਉਂਦੀ ਹੈ।ਸਿੱਖ ਧਰਮ ਵਿੱਚ ਸੇਵਾ ਕੋਈ ਵੱਖਰੀ ਕਰਿਆ ਨਹੀਂ, ਸਗੋਂ ਪੂਰੇ ਧਾਰਮਿਕ ਜੀਵਨ ਦੀ ਆਤਮਾ ਹੈ। ਸੇਵਾ ਰਾਹੀਂ ਮਨੁੱਖ ਆਪਣੇ ਅੰਦਰੋਂ ਹਉਮੈ ਨੂੰ ਤਿਆਗਦਾ, ਸਮਾਨਤਾ ਨੂੰ ਅਪਣਾਂਦਾ ਅਤੇ ਪਰਮਾਤਮਾ ਨਾਲ ਜੋੜ ਪਾਉਂਦਾ ਹੈ। ਗੁਰਮਤਿ ਅਨੁਸਾਰ, ਜਿਹੜਾ ਜੀਵ ਸੇਵਾ ਕਰਦਾ ਹੈ, ਉਹੀ ਸੱਚੇ ਅਰਥਾਂ ਵਿੱਚ ਧਾਰਮਿਕ ਹੈ।ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਸਿੱਖ ਧਰਮ ਦਾ ਸੇਵਾ ਸੰਕਲਪ ਮਨੁੱਖਤਾ ਲਈ ਇਕ ਵਿਸ਼ਵ-ਪੱਧਰੀ ਸੁਨੇਹਾ ਹੈ—ਨਿਸ਼ਕਾਮ ਕਰਮ, ਸਮਾਨਤਾ ਅਤੇ ਸਰਬੱਤ ਦਾ ਭਲਾ।

**ਗੁਰਪ੍ਰੀਤ ਸਿੰਘ, ਸੰਪਾਦਕ ਖ਼ਾਲਸਾ ਅਖ਼ਬਾਰ**

# ਪੰਜਾਬ ਸਰਕਾਰ ਵਲੋਂ ਰਾਮ ਰਹੀਮ ਵਿਰੁੱਧ ਮਾਮਲਿਆਂ ਵਿੱਚ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦੇਣ ਦੇ ਬਾਵਜ਼ੂਦ ਕੋਈ ਕਾਰਵਾਈ ਕਿਉਂ ਨਹੀਂ ਹੋਈ: ਸ਼੍ਰੋਮਣੀ ਰਾਗੀ ਸਭਾ (ਸ੍ਰੀ ਅੰਮ੍ਰਿਤਸਰ)



ਸ੍ਰੀ ਅੰਮ੍ਰਿਤਸਰ-ਗੁਰਮੀਤ ਰਾਮ ਰਹੀਮ ਨੂੰ 15ਵੀਂ ਵਾਰ ਪੈਰੋਲ 'ਤੇ ਜੇਲ੍ਹ ਤੋਂ ਰਿਹਾਅ ਕੀਤਾ ਗਿਆ ਹੈ। ਡੇਰਾ ਮੁਖੀ, ਜੋ ਕਿ ਇੱਕ ਸਾਧਵੀ ਦੇ ਜਿਨਸੀ ਸ਼ੋਸ਼ਣ, ਇੱਕ ਪੱਤਰਕਾਰ ਦੇ ਕਤਲ ਅਤੇ ਦਸਮ ਪਾਤਸ਼ਾਹ ਦੇ ਸੁਆਂਗ ਰਚਣ ਦਾ ਦੋਸ਼ੀ ਹੈ, ਆਪਣੇ ਅਪਰਾਧਾਂ ਲਈ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ, ਨੂੰ ਵਾਰ-ਵਾਰ ਰਿਹਾਅ ਕੀਤਾ ਗਿਆ ਹੈ, ਖਾਸ ਕਰਕੇ ਚੋਣਾਂ ਜਾਂ ਵੱਡੇ ਡੇਰਾ ਸਮਾਗਮਾਂ ਤੋਂ ਪਹਿਲਾਂ, ਜਿਸ ਨਾਲ ਰਾਜਨੀਤਿਕ ਬਹਿਸ ਅਤੇ ਜਨਤਕ ਰੋਸ ਪੈਦਾ ਹੋਇਆ ਹੈ। ਇਸ ਬਾਰੇ ਗੱਲਬਾਤ ਕਰਦਿਆਂ ਸ਼੍ਰੋਮਣੀ ਰਾਗੀ ਸਭਾ (ਸ੍ਰੀ ਅੰਮ੍ਰਿਤਸਰ) ਦੇ ਪ੍ਰਧਾਨ ਭਾਈ ਉਂਕਾਰ ਸਿੰਘ ਜੀ ਨੇ ਕਿਹਾ ਕਿ ਜਦੋਂ ਵੀ ਗੁਰਮੀਤ ਰਾਮ ਰਹੀਮ ਨੂੰ ਜੇਲ੍ਹ ਤੋਂ ਰਿਹਾਅ ਕੀਤਾ ਜਾਂਦਾ ਸੀ, ਇਹ ਕਿਸੇ ਚੋਣ ਜਾਂ ਕਿਸੇ ਖਾਸ ਸਮਾਗਮ ਨਾਲ ਮੇਲ ਖਾਂਦਾ ਸੀ। ਚੋਣਾਂ ਤੋਂ ਠੀਕ ਪਹਿਲਾਂ ਉਸਨੂੰ ਪੈਰੋਲ ਜਾਂ ਫਰਲੋ ਦੇਣ ਨਾਲ ਅਕਸਰ ਰਾਜਨੀਤਿਕ ਵਿਵਾਦ ਪੈਦਾ ਹੁੰਦਾ ਹੈ। ਉਨਾਂ ਕਿਹਾ ਇਸ ਵਾਰ, ਭਾਵੇਂ ਕੋਈ ਚੋਣਾਂ ਨਹੀਂ ਹਨ, ਪਰ ਜਦੋਂ ਵੀ ਸਿਰਸਾ ਦੇ ਡੇਰਾ ਸੱਚਾ ਸੌਦਾ ਹੈੱਡਕੁਆਰਟਰ ਵਿੱਚ ਕੋਈ ਵੱਡਾ ਸਮਾਗਮ ਜਾਂ ਧਾਰਮਿਕ ਇਕੱਠ ਹੁੰਦਾ ਹੈ ਤਾਂ ਗੁਰਮੀਤ ਰਾਮ ਰਹੀਮ ਨੂੰ ਪੈਰੋਲ ਜਾਂ ਫਰਲੋ 'ਤੇ ਜੇਲ੍ਹ ਤੋਂ ਰਿਹਾਅ ਕੀਤਾ ਗਿਆ ਹੈ। ਉਨ੍ਹਾਂ ਕਿਹਾ ਸਿੱਖ ਬੰਦੀ ਸਿੰਘ ਭਾਵੇਂ ਓਹ ਦਿਬਰੂਗੜ, ਬੁੜੈਲ ਜੇਲ੍ਹ ਵਿਚ ਬੰਦ ਹੋਵੇ ਜਾਂ ਫਿਰ ਦੇਸ਼ ਦੀ ਕਿਸੇ ਜੇਲ੍ਹ ਅੰਦਰ ਹੋਣ ਉਨ੍ਹਾਂ ਨੂੰ ਪੈਰੋਲ/ਫਰਲੋ ਨਹੀਂ ਦਿੱਤੀ ਜਾਂਦੀ ਪਰ ਬਲਾਤਕਾਰੀ ਅਤੇ ਕਾਤਿਲ ਉਪਰ ਸਰਕਾਰ ਇਤਨੀ ਮੇਹਰਬਾਨੀ ਕਿਉਂ ਦਿਖਾ ਰਹੀ ਹੈ ਜਿਸ ਕਰਕੇ ਜਿਸ ਕਰਕੇ ਬਹੁਤ ਸਾਰੇ ਸਵਾਲ ਖੜ੍ਹੇ ਹੋਏ ਹਨ। ਗੁਰਮੀਤ ਰਾਮ ਰਹੀਮ ਦੀ ਪੈਰੋਲ ਬਾਰੇ, ਭਾਈ ਉਂਕਾਰ ਸਿੰਘ ਜੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਸੀ ਕਿ ਪੰਜਾਬ ਵਿੱਚ ਗੁਰਮੀਤ ਰਾਮ ਰਹੀਮ ਵਿਰੁੱਧ ਮਾਮਲਿਆਂ ਵਿੱਚ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦੇ ਦਿੱਤੀ ਗਈ ਸੀ, ਪਰ ਅੱਗੇ ਕੋਈ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਦੱਸੇ ਕਿ ਅੱਗੇ ਕਾਰਵਾਈ ਕਿਉਂ ਨਹੀਂ ਕੀਤੀ ਗਈ। ਉਨ੍ਹਾਂ ਅੱਗੇ ਕਿਹਾ ਕਿ ਹਰਿਆਣਾ ਸਰਕਾਰ ਹਰ 15-20 ਦਿਨਾਂ ਬਾਅਦ ਰਾਮ ਰਹੀਮ ਨੂੰ ਪੈਰੋਲ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਦੋਵੇਂ ਪਾਰਟੀਆਂ (ਆਪ-ਭਾਜਪਾ) ਰਾਮ ਰਹੀਮ ਮਾਮਲੇ ਵਿੱਚ ਇੱਕ-ਦੂਜੇ ਦੀ ਟੀਮ ਵਜੋਂ ਕੰਮ ਕਰ ਰਹੀਆਂ ਹਨ। ਉਨ੍ਹਾਂ ਇਹ ਵੀ ਕਿਹਾ ਕਿ ਦੋਵੇਂ ਧਿਰਾਂ ਪੰਜਾਬ ਵਿੱਚ ਵਿਗੜਦੇ ਹਾਲਾਤ ਲਈ ਜ਼ਿੰਮੇਵਾਰ ਹਨ। ਅੰਤ ਵਿਚ ਉਨ੍ਹਾਂ ਕਿਹਾ ਹਰਿਆਣਾ ਸਰਕਾਰ ਨੂੰ ਤੁਰੰਤ ਰਾਮ ਰਹੀਮ ਦੀ ਪੈਰੋਲ ਰੱਦ ਕਰਕੇ ਓਸ ਨੂੰ ਮੁੜ ਜੇਲ੍ਹ ਅੰਦਰ ਬੰਦ ਕਰਣਾ ਚਾਹੀਦਾ ਹੈ।



# ਸਿੱਖਾਂ ਦੇ ਬਾਰਾਂ ਵੱਜ ਗਏ...ਕਦੋਂ ਤੇ ਕਿਸ ਤਰ੍ਹਾਂ?

ਓਏ ਸਿੱਖਾ! ਤੇਰੇ ਬਾਰਾਂ ਤਾਂ ਨਹੀਂ ਵੱਜ ਗਏ। ਜਦੋਂ ਕਦੇ ਕਿਸੇ ਸਿੱਖ ਨੂੰ ਚਿੜਾਉਣਾ ਜਾਂ ਹੇਠੀ ਕਰਨੀ ਹੁੰਦੀ ਹੈ ਤਾਂ ਇਹ ਸ਼ਬਦ ਆਮ ਕਹੇ ਜਾਂਦੇ ਹਨ। ਆਓ! ਅਸੀਂ ਦੇਖੀਏ ਕਿ ਸਿੱਖਾਂ ਸਬੰਧੀ ਅਜਿਹਾ ਕਿਹੜੇ ਕਾਰਨਾਂ ਕਰਕੇ ਪ੍ਰਚੱਲਤ ਹੋਇਆ।ਅਹਿਮਦ ਸ਼ਾਹ ਅਬਦਾਲੀ ਅਤੇ ਨਾਦਰ ਸ਼ਾਹ ਦੇ ਹਮਲੇ ਹਿੰਦੁਸਤਾਨ ਦੇ ਇਤਿਹਾਸ ਦਾ ਕਾਲਾ ਚੈਪਟਰ ਪੇਸ਼ ਕਰਦੇ ਹਨ।ਉਹ ਹਮਲੇ ਕਰਦੇ, ਲੁੱਟਦੇ, ਮਾਰਦੇ ਅਤੇ ਬੇਅੰਤ ਧਨ-ਦੌਲਤ ਲੁੱਟ ਕੇ ਲੈ ਜਾਂਦੇ। ਇਥੇ ਹੀ ਬੱਸ ਨਹੀਂ ਸੀ। ਇਸ ਦੇ ਨਾਲ ਹੀ ਉਹ ਪੂਰੇ ਭਾਰਤ ਦੇ ਕਈ ਹਜ਼ਾਰ ਨੌਜਵਾਨ ਲੜਕੇ ਲੜਕੀਆਂ ਨੂੰ ਬੰਦੀ ਬਣਾ ਕੇ ਲੈ ਜਾਂਦੇ ਅਤੇ ਗਜ਼ਨੀ ਦੇ ਬਜ਼ਾਰਾਂ ਵਿੱਚ ਟਕੇ-ਟਕੇ (ਦੋ ਦਿਨਾਰਾਂ) ਤੋਂ ਨਿਲਾਮ ਕੀਤਾ ਜਾਂਦਾ। ਇਹ ਆਮ ਮਸ਼ਹੂਰ ਸੀ ਕਿ 'ਗਜ਼ਨੀ ਦੇ ਬਜ਼ਾਰਾਂ ਵਿੱਚ ਮੁਰਗੀ ਮਹਿੰਗੀ, ਪਰ ਹਿੰਦੁਸਤਾਨ ਦੀ ਲੜਕੀ ਸਸਤੀ'। ਇਹ ਕਰਮ ਕੋਈ ਇੱਕ ਦੋ ਵਾਰ ਨਹੀਂ ਹੋਏ ਬਲਕਿ ਇਨ੍ਹਾਂ ਜਰਵਾਨਿਆਂ ਨੇ ਕਈ ਹਮਲੇ ਕੀਤੇ ਅਤੇ ਸੈਂਕੜੇ ਸਾਲਾਂ ਤੱਕ ਇਹੋ ਕੁੱਛ ਹੁੰਦਾ ਰਿਹਾ।ਪੂਰੇ ਭਾਰਤ ਵਿੱਚ ਕਿਸੇ ਵੀ ਮਾਈ ਦੇ ਲਾਲ ਦਾ ਹੀਆ ਨਹੀਂ ਸੀ, ਜੋ ਇਨ੍ਹਾਂ ਜਰਵਾਨਿਆਂ ਦਾ ਟਾਕਰਾ ਕਰਦਾ ਅਤੇ ਇਨ੍ਹਾਂ ਨੂੰ ਐਸੇ ਕੁਕਰਮਾਂ ਤੋਂ ਰੋਕਦਾ ਜਾਂ ਸਜ਼ਾ ਦੇ ਸਕਦਾ। ਕੋਈ ਵੀ ਹਿੰਦੁਸਤਾਨੀ ਤਾਕਤ ਇਨ੍ਹਾਂ ਅੱਗੇ ਨਹੀਂ ਸੀ ਠਹਿਰ ਸਕਦੀ। ਕੀ ਮਰਹਟੇ, ਕੀ ਰਾਜਪੂਤ, ਕੀ ਰੁਹਲੇ ਜਾਂ ਗੋਰਖੇ ਸਾਰੇ ਦੇ ਸਾਰੇ ਇਨ੍ਹਾਂ ਜਰਵਾਨਿਆਂ ਸਾਹਮਣੇ ਭੀਗੀ ਬੀਲੀ ਬਣੇ ਬੈਠੇ ਸਨ ਤੇ ਇਨ੍ਹਾਂ ਤੋਂ ਥਰ-ਥਰ ਕੰਬ ਰਹੇ ਸਨ। ਇਹ ਮਸ਼ਹੂਰ ਸੀ ਕਿ 'ਖਾਧਾ ਪੀਤਾ ਲਾਹੇ ਦਾ, ਰਹਿੰਦਾ ਨਾਦਰ ਸ਼ਾਹੇ ਦਾ'। ਲੋਕ ਆਪਣੀਆਂ ਧੀਆਂ ਭੈਣਾਂ ਨੂੰ ਇਨ੍ਹਾਂ ਦੇ ਹਵਾਲੇ ਕਰ ਦਿੰਦੇ ਤੇ ਆਪਣੀ ਜਾਨ ਬਖਸ਼ਣ ਦੀ ਖੈਰ ਮੰਗਦੇ। ਇਹੋ ਜਿਹੇ ਬਿਖੜੇ ਸਮੇਂ ਵਿੱਚ ਕੇਵਲ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਹੀ ਮੈਦਾਨ ਵਿੱਚ ਨਿੱਤਰੇ ਅਤੇ ਭਾਰਤ ਦੀ ਪੱਤ ਨੂੰ ਬਚਾਉਣ ਦੀ ਜ਼ਿੰਮੇਵਾਰੀ ਸੰਭਾਲੀ। ਇਥੋਂ ਦੀਆਂ ਧੀਆਂ ਭੈਣਾਂ ਦੀ ਬੇਪਤੀ ਹੋਣ ਤੋਂ ਬਚਾਉਣ ਦਾ ਪ੍ਰਣ ਕੀਤਾ ਅਤੇ ਇਨ੍ਹਾਂ ਜਰਵਾਨਿਆਂ ਨਾਲ ਲੋਹਾ ਲਿਆ। ਇਹ ਤਾਂ ਸਿਰਫ ਗੁਰੂ ਸਾਹਿਬਾਨ ਦੀ ਦਿੱਤੀ ਸਿੱਖਿਆ ਅਤੇ ਕਲਗੀਧਰ ਦੇ ਖੰਡੇ ਬਾਟੇ ਦੇ ਅੰਮ੍ਰਿਤ ਦੀ ਹੀ ਕਰਾਮਾਤ ਸੀ ਕਿ ਇਨ੍ਹਾਂ ਗੁਰੂ ਕੇ ਖਾਲਸਿਆਂ ਨੇ ਇਨ੍ਹਾਂ ਜ਼ਾਲਮਾਂ ਨੂੰ ਕੀਤੇ ਦੀ ਸਜ਼ਾ ਦਿੱਤੀ ਅਤੇ ਉਨ੍ਹਾਂ ਦੇ ਮੂੰਹ ਮੋੜੇ।ਕਈ ਸਾਲਾਂ ਦੀ ਲੜਾਈ ਤੋਂ ਬਾਅਦ ਸਿੱਖ ਸਿਪਾਹੀਆਂ ਨੂੰ ਗਿਆਨ ਹੋ ਗਿਆ ਸੀ ਕਿ ਇਹ ਕਾਬਲੀ ਠੰਡੇ ਮੁਲਕਾਂ ਤੋਂ ਆਏ ਹੋਏ ਹਨ। ਇਸ ਲਈ ਉਹ ਹਿੰਦੁਸਤਾਨ ਦੀ ਗਰਮੀ ਬਰਦਾਸ਼ਤ ਨਹੀਂ ਕਰ ਸਕਦੇ ਜਾਂ ਫਿਰ ਅੱਧੀ ਰਾਤ ਨੂੰ ਸ਼ਰਾਬਾਂ ਪੀ ਕੇ ਬੇਹੋਸ਼ ਹੋ ਰਹੇ ਹੁੰਦੇ ਹਨ ਅਤੇ ਨਾਚ ਗਾਣੇ ਵਿੱਚ ਮਸਤ ਹੁੰਦੇ ਹਨ। ਸਿਖਰ ਦੁਪਹਿਰ ਦੀ ਗਰਮੀ ਵਿੱਚ ਜਾਂ ਫਿਰ ਸ਼ਰਾਬ ਤੇ ਨਾਚ ਗਾਣੇ ਦੀ ਮਧਹੋਸ਼ੀ ਵਿੱਚ ਇਨ੍ਹਾਂ ਕਬਾਇਲੀਆਂ ਲਈ ਖੁਲ੍ਹੇ ਮੈਦਾਨ ਵਿੱਚ ਸਿੱਖ ਫੌਜੀਆਂ ਦਾ ਮੁਕਾਬਲਾ ਕਰਨਾ ਕਠਿਨ ਸੀ। ਸਿੱਖ ਫੌਜੀਆਂ ਦੀ ਗਿਣਤੀ ਕੁੱਝ ਹਜ਼ਾਰਾਂ ਵਿੱਚ ਹੀ ਸੀ। ਪੂਰੇ ਹਿੰਦੁਸਤਾਨ ਵਿੱਚੋਂ ਸਿੱਖਾਂ ਨੂੰ ਕਿਸੇ ਹੋਰ ਤਾਕਤ ਕੋਲੋਂ ਕੋਈ ਮੱਦਦ ਮਿਲਣ ਦੀ ਆਸ ਵੀ ਨਹੀਂ ਸੀ।ਐਸੇ ਹਾਲਤਾਂ ਵਿੱਚ ਸਿੱਖਾਂ ਨੇ ਇਨ੍ਹਾਂ ਕਬਾਇਲੀਆਂ ਦੇ ਸਾਹਮਣੇ ਹੋ ਕੇ ਮੁਕਾਬਲਾ ਕਰਨ ਨਾਲੋਂ ਗੁਰੀਲਾ ਯੁੱਧ ਕਰਨ ਦੀ ਜੰਗੀ ਨੀਤੀ ਅਪਣਾ ਲਈ ਸੀ।

ਸਿਖਰ ਦੁਪਹਿਰੀਂ ਜਾਂ ਅੱਧੀ ਰਾਤ ਨੂੰ ਉਨ੍ਹਾਂ ਲੁਟੇਰਿਆਂ ਦੇ ਕੈਂਪਾਂ ਉਪਰ ਅਚਾਨਕ ਹਮਲਾ ਬੋਲ ਦੇਣਾ। ਇਸ ਤੋਂ ਪਹਿਲਾਂ ਕਿ ਕਬਾਇਲੀ ਫੌਜ ਸੰਭਲ ਸਕੇ, ਲੁੱਟ ਦਾ ਮਾਲ ਖੋਹ ਕੇ ਅਤੇ ਬੰਦੀ ਬਣਾਏ ਜਵਾਨ ਲੜਕੇ-ਲੜਕੀਆਂ ਨੂੰ ਵੀ ਛੁਡਾ ਕੇ ਲੈ ਆਉਣਾ। ਕਬਾਇਲੀ, ਖਾਲਸੇ ਦੀ ਇਸ ਛਾਪਾਮਾਰ ਲੜਾਈ ਦੀ ਨੀਤੀ ਤੋਂ ਤੰਗ ਆ ਚੁੱਕੇ ਸਨ। ਅੰਬਾਲਾ ਤੋਂ ਬਿਆਸ ਤੱਕ ਹੀ ਸਿੱਖਾਂ ਦਾ ਜ਼ੋਰ ਸੀ। ਆਖਿਰ ਜਦੋਂ ਇਨ੍ਹਾਂ ਕਬਾਇਲੀਆਂ ਨੇ ਪਰੇ ਹਿੰਦੁਸਤਾਨ ਨੂੰ ਲੱਟ ਕੇ ਅੰਬਾਲਾ ਪਾਰ ਕਰਨਾ ਤਾਂ ਗੁਰੂ ਕੇ ਸਿੱਖਾਂ ਨੇ ਇਨ੍ਹਾਂ ਨੂੰ ਅੱਗੋਂ ਹੋ ਕੇ ਟਕਰਨਾ। ਇਨ੍ਹਾਂ ਕਬਾਇਲੀਆਂ ਨੂੰ ਉਨ੍ਹਾਂ ਦੇ ਕੀਤੇ ਦੀ ਸਜ਼ਾ ਦੇਣੀ ਅਤੇ ਰੋਂਦੀਆਂ ਕੁਰਲਾਉਂਦੀਆਂ ਹਿੰਦੁਸਤਾਨੀ ਅਬਲਾਵਾਂ ਨੂੰ ਮੁਕਤ ਕਰਾਉਣਾ ਅਤੇ ਉਨ੍ਹਾਂ ਦੇ ਘਰੋ-ਘਰੀਂ ਪਹੁੰਚਾਉਣਾ, ਖਾਲਸੇ ਦਾ ਇਹ ਕਰਮ ਬਣ ਗਿਆ ਸੀ। ਜਦੋਂ ਕਬਾਇਲੀਆਂ ਨੂੰ ਸਿੱਖਾਂ ਦੀ ਇਸ ਨੀਤੀ ਦੀ ਸਮਝਪੈ ਗਈ ਤਾਂ ਉਨ੍ਹਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ 'ਜ਼ੂਤ ਜ਼ੂਤ ਬਿਆਸਰਾ ਪਾਰਕੋ ਅਜ਼ ਸਿਕਾਂ ਦੁਆਜ਼ਦਾ ਬਜ਼ੇ ਮੇਸ਼ਾਂ ਵ ਤਮਾਮ ਮਾਲ ਅਜ ਸ਼ਮਾ ਜ਼ਬਤ ਮੇਕੁਨ' ਅਰਥਾਤ 'ਜਲਦੀ-ਜਲਦੀ ਬਿਆਸ ਪਰ ਕਰ ਲਓ, ਨਹੀਂ ਤਾਂ ਸਿੱਖਾਂ ਦੇ ਬਾਰਾਂ (ਦੁਪਹਿਰ ਜਾਂ ਅੱਧੀ ਰਾਤ ਦਾ ਸਮਾਂ) ਵੱਜ ਜਾਣਗੇ ਅਤੇ ਸਾਰਾ ਅਸਬਾਬ ਖੋਹ ਕੇ ਲੈ ਜਾਣਗੇ'। ਹੌਲੀ ਹੌਲੀ ਇਹ ਲਕਬ ਹਮੇਸ਼ਾਂ ਲਈ ਸਿੱਖਾਂ ਦੇ ਨਾਲ ਜੁੜ ਗਿਆ। ਇਹ ਹੈ ਸਿੱਖਾਂ ਦੇ ਬਾਰਾਂ ਵੱਜਣ ਦੀ ਕਹਾਣੀ ਜੋ ਕਿ ਵਿਗਾੜ ਕੇ ਇਹਸਾਨ ਫਰਾਮੋਸ਼ ਸਿੱਖ ਦੋਖੀਆਂ ਨੇ ਸਿੱਖਾਂ ਨੂੰ ਚਿੜਾਉਣ ਅਤੇ ਹੇਠੀ ਕਰਨ ਦੀ ਨਿਯਤ ਨਾਲ ਵਰਤਣੀ ਸ਼ੁਰੂ ਕਰ ਦਿੱਤੀ ਹੋਈ ਹੈ।ਅੱਜ ਜੇਕਰ ਹਿੰਦੁਸਤਾਨ, ਹਿੰਦੁਸਤਾਨ ਹੈ, ਇੱਕ ਇਸਲਾਮੀ ਮੁਲਕ ਨਹੀਂ ਬਣ ਸਕਿਆ- ਇਥੇ ਹੈਦਰੀ ਝੰਡੇ ਦੀ ਥਾਂ ਤਿਰੰਗਾਂ ਝੁੱਲ ਰਿਹਾ ਹੈ - ਹਿੰਦੂ ਧਰਮ ਕਾਇਮ ਹੈ, ਇਹ ਸਭ ਸਿੱਖਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਅਤੇ ਮਾਰੀਆਂ ਤੇਗਾਂ ਦਾ ਹੀ ਨਤੀਜਾ ਹੈ। ਪਰ ਬਜਾਏ ਇਸਦੇ ਕਿ ਸਿੱਖਾਂ ਨੂੰ ਉਨ੍ਹਾਂ ਵੱਲੋਂ ਦੇਸ਼ ਤੇ ਹਿੰਦੂ ਧਰਮ ਨੂੰ ਬਚਾਉਣ ਖਾਤਰ ਕੀਤੀਆਂ ਕੁਰਬਾਨੀਆਂ ਦੀ ਸਹੀ ਸ਼ਾਬਾਸ਼ੀ ਤੇ ਬਣਦਾ ਮਾਣ-ਸਤਿਕਾਰ ਦਿੱਤਾ ਜਾਂਦਾ, ਉਨ੍ਹਾਂਨੂੰ ਛੁਟਾਉਣ ਤੇ ਨੀਚਾ ਦਿਖਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ ਅਤੇ ਕੋਈ ਐਸਾ ਸਮਾਂ ਨਹੀਂ ਜਾਣ ਦਿੱਤਾ ਜਾਂਦਾ, ਜਦੋਂ ਸਿੱਖਾਂ ਨੂੰ ਚਿੜਾਇਆ ਨਾ ਜਾਏ।ਪਰ ਅਫਸੋਸ ਉਸ ਵਕਤ ਹੁੰਦਾ ਹੈ ਜਦੋਂ ਕੁੱਝ ਇੱਕ ਅਨਮਤੀ ਨੇਤਾ ਗਾਹੇ ਬਗਾਹੇ ਆਪਣੀਆਂ ਤਕਰੀਰਾਂ ਅੰਦਰ ਸਿੱਖਾਂ ਪ੍ਰਤੀ 'ਸਿੱਖਾਂ ਦੇ ਬਾਰਾਂ ਵੱਜ ਗਏ' ਜੈਸੇ ਅਪਸ਼ਬਦਾਂ ਦਾ ਇਸਤੇਮਾਲ ਕਰਦੇ ਹਨ। ਜਿਵੇਂ ਪਿੱਛੇ ਜਿਹੇ ਵਰੁਨ ਗਾਂਧੀ ਨੇ ਆਪਣੀ ਇੱਕ ਚੋਣ ਰੈਲੀ ਦੌਰਾਨ ਐਸੇ ਸ਼ਬਦ ਕਹੇ ਸਨ। ਉਸ ਤੋਂ ਪਹਿਲੇ ਨਰਿੰਦਰ ਮੋਦੀ ਵੀ ਐਸੇ ਅਪਸ਼ਬਦ ਇਸਤੇਮਾਲ ਕਰ ਚੁੱਕਾ ਹੈ। ਸ਼ਾਇਦ ਉਨ੍ਹਾਂ ਨੂੰ ਇਨ੍ਹਾਂ ਸ਼ਬਦਾਂ ਪਿੱਛੇ ਛੁਪੀ ਹੋਈ ਅਸਲੀਅਤ ਦਾ ਗਿਆਨ ਨਹੀਂ ਜਾਂ ਫਿਰ ਜਾਣ ਬੁੱਝ ਕੇ ਮਚਲੇ ਬਣੇ ਰਹਿੰਦੇ ਹਨ।ਪਰ ਹੈਰਾਨਗੀ ਇਸ ਗੱਲ ਦੀ ਹੈ ਜਦੋਂ ਸਿੱਖਾਂ ਪ੍ਰਤੀ ਬੋਲੇ ਗਏ ਐਸੇ ਅਪਸ਼ਬਦਾਂ ਦਾ ਨੋਟਿਸ ਨਾ ਹੀ ਕੋਈ ਨੈਸ਼ਨਲ ਪ੍ਰੈਸ ਤੇ ਨਾ ਹੀ ਕੋਈ ਸਿੱਖ ਪ੍ਰੈਸ ਲੈਂਦਾ ਹੈ ਅਤੇ ਸਿੱਖਾਂ ਬਾਰੇ ਕਹੇ ਗਏ ਅਪਸ਼ਬਦਾਂ ਨੂੰ ਅਣਗੌਲਿਆਂ ਹੀ ਕਰ ਦਿੱਤਾ ਜਾਂਦਾ ਹੈ। ਇਥੋਂ ਤੱਕ ਕਿ ਸਿੱਖ ਨੇਤਾ ਵੀ ਚੁੱਪ ਰਹਿਣਾ ਹੀ ਮੁਨਾਸਬ ਸਮਝਦੇ ਹਨ। ਪਤਾ ਨਹੀਂ ਉਨ੍ਹਾਂ ਨੂੰ ਕਿਸ ਦਾ ਡਰ ਹੁੰਦਾ ਹੈ ਜਾਂ ਫਿਰ ਕਿਸ ਦਾ ਲਿਹਾਜ਼? ਕਿਉਂਕਿ ਕਿਸੇ ਇਕੱਲੇ ਸਿੱਖ ਉਪਰ ਨਹੀਂ ਬਲਕਿ ਪੂਰੀ ਸਿੱਖ ਕੌਮ ਦਾ ਮੂੰਹ ਚਿੜਾਇਆ ਗਿਆ ਹੁੰਦਾ ਹੈ। ਸਿੱਖ ਸਿਆਸੀ ਜਾਂ ਧਾਰਮਿਕ ਨੇਤਾਵਾਂ ਜਾਂ ਪਾਰਟੀਆਂ ਵੱਲੋਂ ਐਸੇ ਸਮੇਂ ਮੋਨ ਧਾਰੀ ਰੱਖਣਾ ਸਿਆਸੀ ਤੇ ਧਾਰਮਿਕ ਗੁਲਾਮੀ ਦੀ ਸਿਖਰ ਹੈ।ਕਿਹਾ ਹੱਛਾ ਹੋਵੇ ਕਿ ਐਸੇ ਇਹਸਾਨ-ਫਰਾਮੋਸ਼ ਅਨਮਤੀ ਨੇਤਾਵਾਂ ਨੂੰ ਸਿੱਖਾਂ ਪ੍ਰਤੀ ਬੋਲੇ ਗਏ ਐਸੇ ਅਪਸ਼ਬਦਾਂ ਦਾ ਢੁਕਵਾਂ ਜੁਆਬ ਦਿੱਤਾ ਜਾਵੇ ਤਾਂ ਕਿ ਅੱਗੇ ਤੋਂ ਕਿਸੇ ਨੂੰ ਵੀ ਸਿੱਖਾਂ ਨੂੰ ਚਿੜਾਉਣ ਜਾਂ ਅਪਮਾਨਿਤ ਕਰਨ ਦੀ ਜੁਰਅਤ ਨਾ ਹੋਵੇ।

**-ਸ. ਗੁਰਦਿਆਲ ਸਿੰਘ**

# ਸਾਰੀਆਂ ਕੌਮਾਂ ਸਿੱਖੀ ਦੀ ਸੂਰਤ 'ਚੋਂ ਪੈਦਾ ਹੋਈਆਂ

ਗਿਆਨੀ ਊਧਮ ਸਿੰਘ

ਸਿੱਖ ਧਰਮ ਦੇ ਅਤੇ ਖਾਸ ਕਰਕੇ ਕੇਸਾਂ ਦੇ ਵਿਰੋਧੀ ਆਮ ਤੌਰ 'ਤੇ ਇਹ ਚਰਚਾ ਕਰਦੇ ਰਹਿੰਦੇ ਹਨ ਕਿ ਸਿੱਖ ਹਿੰਦੂਆਂ 'ਚੋਂ ਪੈਦਾ ਹੋਏ ਹਨ, ਚੰਗੇ ਚੰਗੇ ਸਿਆਣੇ ਸੱਜਣ ਵੀ ਇਸ ਭੁਲੇਖੇ ਵਿੱਚ ਹਨ। ਇਸ ਦਾ ਵੱਡਾ ਕਾਰਨ ਇਹ ਹੈ ਕਿ ਉਹ ਲੋਕ ਕੇਸਾਧਾਰੀਆਂ ਦੀ ਹੋਂਦ ਗੁਰੂ ਨਾਨਕ ਸਾਹਿਬ ਤੋਂ ਮੰਨਦੇ ਹਨ।ਵਾਸਤਵ ਵਿੱਚ ਇਹ ਗੱਲ ਗਲਤ ਹੈ, ਸੱਚਾਈ ਇਹ ਹੈ ਕਿ ਕੇਸਾਧਾਰੀ ਲੋਕਾਂ ਦਾ ਬਾਨੀ ਈਸ਼ਵਰ ਆਪ ਹੀ ਹੈ, ਭਾਵੇਂ 'ਪਾਰਬ੍ਰਹਮ ਗੁਰ ਨਾਹੀ ਭੇਦ' ਮਹਾਂਵਾਕ ਦੇ ਭਾਵ ਅਨੁਸਾਰ ਸਤਿਗੁਰੂ ਅਤੇ ਈਸ਼ਵਰ ਵਿੱਚ ਭੇਦ ਨਹੀਂ, ਪਰ ਇਹ ਸਤਰਾਂ ਲਿਖਣ ਤੋਂ ਸਾਡਾ ਭਾਵ ਇਹ ਹੈ ਕਿ ਕੇਸ ਮਨੁੱਖ ਨੂੰ ਉਸ ਸਮੇਂ ਤੋਂ ਹੀ ਨਹੀਂ ਮਿਲੇ, ਜਦ ਗੁਰੂ ਨਾਨਕ ਸਾਹਿਬ ਦਾ ਪਰਕਾਸ਼ ਹੋਇਆ।

ਇਹ ਤਾਂ ਆਦਿ ਹਨ ਅਤੇ ਜਦ ਤੋਂ ਮਨੁੱਖ ਦੀ ਰਚਨਾ ਹੋਈ ਹੈ, ਕੇਸ ਨਾਲ ਹੀ ਸਨ।ਇਹ ਕੌਣ ਨਹੀਂ ਜਾਣਦਾ ਕਿ ਕੇਸਾਂ ਦੀ ਕਾਂਟ ਛਾਂਟ ਨਾਈ ਕ੍ਰਿਤ ਅਰਥਾਤ ਕੈਂਚੀ ਕ੍ਰਿਤ ਹੈ, ਈਸ਼ਵਰ ਕ੍ਰਿਤ ਨਹੀਂ। ਇਹ ਗੱਲ ਸੰਸਾਰ ਭਰ ਵਿੱਚ ਕੋਈ ਸਾਬਤ ਨਹੀਂ ਕਰ ਸਕਦਾ ਕਿ ਜਦ ਮਨੁੱਖ ਸ਼੍ਰੇਣੀ ਦੀ ਉਤਪਤੀ ਹੋਈ ਤਾਂ ਕੁੱਝ ਆਦਮੀਆਂ ਦੀ ਹਜਾਮਤ ਹੋਈ ਹੋਈ ਸੀ ਅਤੇ ਕੁੱਝ ਕੇਸਾਂ ਵਾਲੇ ਸਨ, ਨਾ ਹੀ ਅੱਜ ਤੱਕ ਕੋਈ ਇਨਸਾਨ ਅਜਿਹਾ ਪੈਦਾ ਹੋਇਆ ਹੈ, ਜਿਸ ਦੇ ਕੇਸ ਕੱਟੇ ਹੋਏ ਹੋਣ। ਇਸ ਦਾ ਭਾਵ ਸਪੱਸ਼ਟ ਹੈ ਕਿ ਕੇਸਾਂ ਦੀ ਹੋਂਦ ਕੁਦਰਤੀ ਅਤੇ ਆਦਿ ਕਾਲ ਤੋਂ ਹੈ । ਹੁਣ ਪਾਠਕ ਆਪ ਹੀ ਸੋਚਣ ਕਿ ਸਿੱਖੀ ਦੀ ਸੂਰਤ ਨੂੰ ਵਿਗਾੜ ਕੇ ਹੋਰ ਕੌਮਾਂ ਬਣੀਆਂ ਹਨ ਜਾਂ ਉਨ੍ਹਾਂ ਕੌਮਾਂ ਵਿਚੋਂ ਸਿੱਖ।ਜੇ ਮਜ਼੍ਹਬੀ ਤੁਅੱਸਬ ਜਾਂ ਜ਼ਿਦ ਵਿੱਚ ਆ ਕੇ "ਮੈਂ ਨ ਮਾਨੂੰ" ਵਾਲੀ ਗੱਲ ਨਾ ਕੀਤੀ ਜਾਵੇ ਤਾਂ ਹਰ ਇਕ ਆਦਮੀ ਨੂੰ ਇਹ ਮੰਨਣਾ ਪਵੇਗਾ ਕਿ ਸਿੱਖੀ ਸੂਰਤ 'ਚੋਂ ਸਾਰੀਆਂ ਕੌਮਾਂ ਦੀਆਂ ਸੂਰਤਾਂ ਬਣੀਆਂ ਹਨ, ਕਿਉਂਕਿ ਸਿੱਖ ਕੇਸਾਂ ਵਾਲੀ ਕੌਮ ਨੂੰ ਕਿਹਾ ਜਾਂਦਾ ਹੈ ਅਤੇ ਕੇਸ ਮਨੁੱਖੀ ਰਚਨਾ ਦੇ ਸਮੇਂ ਤੋਂ ਹੀ ਚੱਲੇ ਆ ਰਹੇ ਹਨ।ਆਮ ਲੋਕਾਂ ਦੀ ਜੋ ਇਹ ਧਾਰਨਾ ਹੈ ਕਿ ਸਿੱਖ ਆਪਣੇ ਆਪ ਵਿੱਚ ਕੋਈ ਵੱਖਰੀ ਕੌਮ ਨਹੀਂ, ਸਿੱਖ ਹਿੰਦੂਆਂ 'ਚੋਂ ਪੈਦਾ ਹੋਏ ਹਨ ਅਤੇ ਹਿੰਦੂ ਕੌਮ ਦਾ ਹੀ ਇਹ ਅੰਗ ਹਨ, ਇਹ ਗੱਲ ਬਿਲਕੁਲ ਗਲਤ ਤੇ ਬੇ-ਬੁਨਿਆਦ ਹੈ। ਵਾਸਤਵ ਵਿਚ ਸਿੱਖ ਇਕ ਵੱਖਰੀ ਅਤੇ ਆਦਿ ਕੌਮ ਹੈ, ਜੋ ਰੱਬੀ ਰਜ਼ਾ ਦੀ ਵਿਸ਼ਵਾਸੀ ਹੈ।'ਸਿੱਖ' ਦੇ ਅਰਥ ਹਨ ਸਿੱਖਿਆ ਨੂੰ ਮੰਨਣ ਵਾਲਾ ਸਿਖਿਆਰਥੀ।

ਸੰਸਾਰ ਭਰ ਵਿੱਚ ਪ੍ਰਮੁੱਖ ਸਿੱਖਿਆ ਅਤੇ ਹੁਕਮ ਦੋ ਹਨ, ਇਕ ਪਰਮਾਤਮਾ ਦਾ ਅਤੇ ਦੂਜਾ ਗੁਰੂ ਦਾ ਸਿੱਖ ਉਹ ਹੈ ਜੋ ਦੋਵੇਂ ਹੁਕਮ ਮੰਨੇ ਅਤੇ ਰਜ਼ਾ ਵਿੱਚ ਰਾਜ਼ੀ ਰਹੇ। ਕੇਸਾਂ ਦੀ ਉਤਪਤੀ ਅਤੇ ਪਾਲਣਾ ਪਰਮਾਤਮਾ ਦੇ ਹੁਕਮ ਅੰਦਰ ਹੋਈ ਅਤੇ ਹੋ ਰਹੀ ਹੈ। ਜੋ ਇਨ੍ਹਾਂ ਨੂੰ ਕਟਦਾ ਹੈ, ਉਹ ਰੱਬੀ ਰਜ਼ਾ ਵਿੱਚ ਸਿੱਧਾ ਦਖਲ ਦੇ ਰਿਹਾ ਹੈ, ਇਸ ਲਈ ਉਹ ਸਿੱਖ ਕਹਾਣ ਦਾ ਹੱਕਦਾਰ ਨਹੀਂ। ਗੁਰੂ ਦਾ ਹੁਕਮ ਹੈ ਕਿ ਸਿੱਖ ਕੇਸ ਨਾ ਕਟਾਏ ਅਤੇ ਰੱਬੀ ਸੂਰਤ ਨੂੰ ਨਾ ਵਿਗਾੜੇ।ਕੁਰਾਨ ਦੀ ਇਕ ਆਇਤ ਅਨੁਸਾਰ ਮਨੁੱਖ ਨੂੰ ਰੱਬ ਨੇ ਆਪਣੀ ਸਾਕਾਰ ਸੂਰਤ ਵਰਗਾ ਸਾਜਿਆ ਹੈ। ਜੋ ਸੰਸਾਰ ਭਰ ਦੇ ਮਨੁੱਖਾਂ ਲਈ ਸਮਾਨ ਹੈ।ਦੁਨੀਆਂ ਭਰ ਦੇ ਪੁਰਾਤਨ ਇਤਿਹਾਸ ਅਤੇ ਵੇਦ ਸ਼ਾਸਤਰ ਇਸ ਹਕੀਕਤ ਨੂੰ ਸਿੱਧ ਕਰ ਰਹੇ ਹਨ ਕਿ ਮਨੁੱਖ ਜਨਮ ਤੋਂ ਕੇਸਾਧਾਰੀ ਹੈ। ਅਤੇ ਸੰਸਾਰ ਭਰ ਦੇ ਪੁਰਾਤਨ ਕੇਵਲ ਧਾਰਮਕ ਹੀ ਨਹੀਂ, ਸਗੋਂ ਰਾਜਸੀ ਆਗੂ ਵੀ ਕੇਸਾਧਾਰੀ ਸਨ, ਜੋ ਸਮੁੱਚੇ ਤੌਰ 'ਤੇ ਇਕ ਰੱਬੀ ਕੌਮ ਸਨ।ਇਹ ਗੱਲ ਠੰਢੇ ਦਿਲ ਨਾਲ ਸਮਝਣੀ ਅਤੇ ਸਹਿਣ ਕਰਨੀ ਚਾਹੀਦੀ ਹੈ ਕਿ ਸਿੱਖ ਇਕ ਆਦਿ ਅਤੇ ਰੱਬੀ ਕੌਮ ਹੈ,ਜਿਸ 'ਚੋਂ ਸੰਸਾਰ ਭਰ ਦੀਆਂ ਕੌਮਾਂ ਪੈਦਾ ਹੋਈਆਂ ਹਨ, ਜਿਨ੍ਹਾਂ ਦੀ ਬੁਨਿਆਦ ਮਨੁੱਖੀ ਸਿਰਜਨਾ ਕਰਕੇ ਹੈ।

ਉਪਰੋਕਤ ਗੱਲ ਦੀ ਪ੍ਰੋੜਤਾ ਲਈ ਹੇਠ ਲਿਖੀ ਇਕੋ ਦਲੀਲ ਕਾਫੀ ਹੈ। ਇਕ ਬੱਚਾ ਜੋ ਅੱਜ ਪੈਦਾ ਹੋਵੇ, ਉਸ ਨੂੰ ਕਿਸੇ ਮਜ਼੍ਹਬੀ ਰਹੁ-ਰੀਤ ਤੋਂ ਅਲੱਗ ਰੱਖ ਕੇ ਜੇ ਪਾਲਿਆ ਪੋਸਿਆ ਜਾਵੇ ਅਤੇ 20 ਸਾਲ ਬਾਅਦ ਉਸ ਨੂੰ ਇਕ ਚੁਰਾਹੇ ਵਿਚ ਖੜਾ ਕਰ ਕੇ ਕਿਸੇ ਵੀ ਵਿਅਕਤੀ ਤੋਂ ਜੇ ਪੁੱਛਿਆ ਜਾਵੇ ਕਿ ਇਹ ਕੌਣ ਹੈ ਤਾਂ ਯਕੀਨਨ ਹਰ ਕੋਈ ਇਹੋ ਕਹੇਗਾ, "ਇਹ ਸਿੱਖ ਹੈ।" 20 ਸਾਲ ਦੀ ਉਮਰ ਤੱਕ ਉਸਦੀ ਦਾੜ੍ਹੀ ਵੀ ਉਗ ਚੁੱਕੀ ਹੋਣੀ ਹੈ। ਉਸ ਦੀ ਸ਼ਕਲ ਸੂਰਤ ਨੂੰ ਵਿਗਾੜਿਆਂ, ਅਰਥਾਤ ਦਾੜ੍ਹੀ ਕੇਸ ਕਟਾਇਆਂ ਹੀ ਉਹ ਹਿੰਦੂ ਜਾਂ ਕਿਸੇ ਹੋਰ ਕੌਮ ਦਾ ਵਿਅਕਤੀ ਜਾਪੇਗਾ।ਸੋ, ਇਸ ਸੱਚਾਈ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਿੱਖ ਹੀ ਇਕ ਆਦਿ ਅਤੇ ਮਹਾਨ ਕੌਮ ਹੈ, ਜਿਸ ਚੋਂ ਦੁਨੀਆਂ ਭਰ ਦੀਆਂ ਕੌਮਾਂ ਪੈਦਾ ਹੋਈਆਂ ਹਨ। ਕਿਸੇ ਹੋਰ ਕੌਮ ਲਈ ਚਰਚਾ ਹੋ ਸਕਦੀ ਹੈ ਕਿ ਉਹ ਵੱਖਰੀ ਕੌਮ ਨਹੀਂ, ਪਰ ਸਿੱਖ ਕੌਮ ਲਈ ਇਹ ਚਰਚਾ ਕਰਨੀ ਅਯੋਗ ਅਤੇ ਬੇ-ਬੁਨਿਆਦ ਗੱਲ ਹੈ।ਸੋ ਕੇਸ ਕਟਾਣ ਦੀ ਲਹਿਰ ਤਾਂ ਕਿਸੇ ਕਾਰਨ (ਜੋ ਅੱਗੇ ਚੱਲ ਕੇ ਲਿਖਿਆ ਜਾਵੇਗਾ) ਚੱਲ ਪਈ ਤੇ ਲੋਕਾਂ ਨੇ ਕੇਸ ਰੱਖਣ ਦੀ ਗੁਰਮਤਿ ਰਹੁ-ਰੀਤ ਤੋਂ ਡਿਗ ਕੇ ਦੇਖਾ ਦੇਖੀ ਇਸ ਵਿਚ ਵਹਿਣਾ ਸ਼ੁਰੂ ਕਰ ਦਿੱਤਾ ਹੈ।

ਵਾਸਤਵ ਵਿਚ ਇਹ ਇਕ ਬੱਜਰ ਪਾਪ ਹੈ, ਜਿਸ ਦਾ ਹੁਣ ਐਨਾ ਜੋਰ ਹੋ ਗਿਆ ਹੈ ਕਿ ਆਮ ਆਦਮੀ ਕੇਸਾਂ ਵਰਗੀ ਪਵਿੱਤਰ ਰੱਬੀ ਦਾਤ ਲਈ ਕਈ ਤਰ੍ਹਾਂ ਦੇ ਊਲ ਜਲੂਲ ਬੋਲਣ ਲੱਗ ਪਏ ਹਨ। ਜੇ ਮਜ਼੍ਹਬ ਜਾਂ ਧਰਮ ਦੇ ਸੁਆਲ ਨੂੰ ਲਿਆ ਜਾਵੇ ਤਾਂ ਦੁਨੀਆਂ ਭਰ ਵਿਚ ਸਿੱਖ ਧਰਮ ਤੋਂ ਬਿਨਾਂ ਕੋਈ ਧਰਮ ਵੀ ਈਸ਼ਵਰੀ ਸਿੱਧ ਨਹੀਂ ਹੁੰਦਾ, ਕਿਉਂਕਿ ਦੂਜੇ ਧਰਮਾਂ ਵਿੱਚ ਕੇਸਾਂ ਵਾਲੀ ਰੱਬੀ ਆਗਿਆ ਦੀ ਉਲੰਘਣਾ ਹੋ ਰਹੀ ਹੈ ਅਤੇ ਸਿੱਖ ਧਰਮ ਰੱਬੀ ਬਣਤਰ ਨੂੰ ਜਿਉਂ ਦਾ ਤਿਉਂ ਰੱਖਦਾ ਹੈ। ਸਿੱਖ ਗੁਰੂ ਸਾਹਿਬਾਨ ਨੇ ਕੇਸ ਪੈਦਾ ਕਰਨ ਦੀ ਮਰਯਾਦਾ ਨਹੀਂ ਤੋਰੀ, ਸਗੋਂ ਇਨ੍ਹਾਂ ਦੇ ਕੱਟਣ ਦੀ ਕੁਰੀਤੀ ਨੂੰ ਰੋਕਿਆ ਹੈ।ਨਿਰੰਕਾਰ ਨੇ ਇਸ ਪੰਥ ਦੇ ਪ੍ਰਚਾਰਨ ਦੀ ਡਿਊਟੀ ਗੁਰੂਆਂ ਦੀ ਲਾਈ ਸੀ, ਪਰ ਇਸਦਾ ਸਾਜਣਹਾਰ ਉਹ ਆਪ ਹੀ ਹੈ, ਕਿਉਂਕਿ ਰੱਬੀ ਧਰਮ ਤੋਂ ਲੋਕੀਂ ਗਿਰਨ ਅਰਥਾਤ ਈਸ਼ਵਰੀ ਮਜ਼੍ਹਬ (ਸਿੱਖੀ) ਤੋਂ ਪਤਿਤ ਹੋਣ ਲੱਗ ਪਏ ਸਨ। ਇਸ ਲਈ ਗੁਰੂ ਸਾਹਿਬ ਸੰਸਾਰ 'ਤੇ ਪ੍ਰਗਟੇ, ਜਿਨ੍ਹਾਂ ਨੇ ਕੇਸਾਂ ਦੇ ਕੱਟਣ ਨੂੰਰੱਬੀ ਧਰਮ ਵਿਰੁੱਧ ਕੁਰਹਿਤ ਕਰਾਰ ਦੇ ਕੇ ਇਸ ਕੁਰੀਤੀ ਨੂੰ ਰੋਕ ਦਿੱਤਾ। ਭਾਵੇਂ ਕਈ ਲੋਕਾਂ ਨੇ ਹੁਕਮ ਦੀ ਪਾਲਣਾ ਨਹੀਂ ਕੀਤੀ, ਪਰ ਗੁਰੂ ਸਾਹਿਬ ਦਾ ਸਭ ਪ੍ਰਾਣੀ-ਮਾਤਰ ਨੂੰ ਇਹੀ ਉਪਦੇਸ਼ ਸੀ ਕਿ ਰੱਬੀ ਹੁਕਮ ਦੀ ਪਾਲਣਾ ਕਰੋ, ਅਰਥਾਤ ਸਾਬਤ ਸੂਰਤ ਰਹੋ।ਇਹ ਗੱਲ ਠੀਕ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਪਰ ਵਿਸ਼ਵਾਸ ਦੇ ਤਿਆਗ ਲਈ ਕੜਾ, ਪਰ 'ਤਨ' ਦੇ ਤਿਆਗ ਲਈ ਕਛਹਿਰਾ ਅਤੇ ਧਰਮ ਦੀ ਰੱਖਿਆ ਲਈ ਕ੍ਰਿਪਾਨ ਆਦਿ ਕਕਾਰ ਪਹਿਨਾਕੇ ਮਨੁੱਖ ਨੂੰ ਆਦਰਸ਼ਕ ਮਨੁੱਖ ਬਣਾ ਦਿੱਤਾ ਅਤੇ ਸਿੱਖ ਤੋਂ ਸਿੰਘ ਨਾਮ ਰੱਖ ਕੇ ਇਸ ਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਾਂਦੇ ਹੋਏ ਅੰਮ੍ਰਿਤ ਛਕਾ ਕੇ ਸੂਰਬੀਰ ਸੰਤ-ਸਿਪਾਹੀ ਦੀ ਪਦਵੀ ਦਿੱਤੀ ਹੈ, ਜਿਸ ਕਰਕੇ ਆਪ ਪੰਥ ਦੇ ਸਾਜਣਹਾਰ ਮੰਨੇ ਜਾਂਦੇ ਹਨ ਅਤੇ ਉਨ੍ਹਾਂ ਨੇ ਆਪਣੇ ਪੰਥ ਦੇ ਧਾਰਮਕ ਅਸੂਲ ਦੂਜੇ ਧਰਮਾਂ ਨਾਲੋਂ ਵਿਲੱਖਣ ਨਿਯਤ ਕੀਤੇ ਹਨ, ਪਰ ਕਿਉਂਕਿ ਇਥੇ ਸਿੱਖੀ ਦੇ ਮੁੱਖ ਅੰਗ ਕੇਸਾਂ ਦਾ ਸਵਾਲ ਚੱਲਿਆ ਹੋਇਆ ਹੈ ਅਤੇ ਕੇਸਾਂ ਵਾਲੇ ਲੋਕਾਂ ਨੂੰ ਹੀ ਮਜ਼੍ਹਬ ਦੇ ਪਹਿਲੂ ਤੋਂ ਸਿੱਖ ਕਿਹਾ ਜਾਂਦਾ ਹੈ, ਇਸ ਲਈ ਇਹ ਸਾਬਤ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਇਹ ਕੇਸਾਂ ਵਾਲੇ ਲੋਕ ਸ੍ਰਿਸ਼ਟੀ-ਰਚਨਾ ਦੇ ਆਦਿ ਤੋਂ ਹੀ ਚੱਲੇ ਆ ਰਹੇ ਹਨ।

ਸਭ ਧਰਮਾਂ ਦੇ ਆਗੂ ਕੇਸਾਧਾਰੀ ਹੋਏ ਹਨ। ਕੇਸ ਕਟਾਉਣ ਦੀ ਰੀਤੀ ਕਿਸੇ ਮਜ਼੍ਹਬ ਦੇ ਧਾਰਮਕ ਆਗੂ ਨੇ ਨਹੀਂ ਚਲਾਈ, ਨਾ ਹੀ ਇਸ ਨੂੰ ਮੁੰਡਨ ਸੰਸਕਾਰ ਆਦਿ ਕਹਿ ਕੇ ਧਾਰਮਕ ਰੀਤੀ ਕਿਹਾ ਜਾ ਸਕਦਾ ਹੈ, ਇਹ ਸਭ ਮਨੋ-ਕਲਪਿਤ ਤਰੀਕੇ ਹਨ ਅਤੇ ਮਨੋ-ਕਲਪਿਤ ਹੀ ਮਜ਼੍ਹਬੀ ਰੀਤਾਂ, ਜੋ ਈਸ਼ਵਰੀ ਕ੍ਰਿਤ ਧਰਮ ਨੂੰ ਵਿਗਾੜ ਕੇ ਕਾਇਮ ਕੀਤੀਆਂ ਗਈਆਂ ਹਨ, ਅਰਥਾਤ ਕੇਸਾਂ ਵਾਲੀ ਸੂਰਤ ਨੂੰ ਅਦਲ ਬਦਲ ਕਰ ਕੇ ਬਣੀਆਂ ਹਨ, ਜੋ ਸਾਰੀਆਂ ਹੀ (ਗੁਰਮਤਿ) ਰੀਤੀ ਦੇ ਉਲਟ ਹਨ :"ਔਰ ਮਜ਼੍ਹਬ ਸਭ ਰਚੇ ਬੰਦਿਅਨ ਅਪਨੇ ਚਿੰਨ੍ਹ ਚਲਾਇ।

ਮਜ਼੍ਹਬ ਖਾਲਸਾ ਹੈ ਅਕਾਲ ਕਾ ਕੇਸ ਨ ਏਕ ਛਿਦਾਇ।"(ਪੰਥ ਪ੍ਰਕਾਸ਼, ਗਿ: ਗਿਆਨ ਸਿੰਘ, ਪੰਨਾ ੬੮੮)ਕੇਸ ਕਿਉਂ?ਅੱਜ-ਕੱਲ੍ਹ ਆਮ ਪੜ੍ਹੇ ਲਿਖੇ ਨੌਜੁਆਨ ਇਹ ਕਹਿੰਦੇ ਹਨ ਕਿ ਜਦ ਸਾਡੇ 'ਤੇ ਕੋਈ ਸੁਆਲ ਕਰਦਾ ਹੈ ਕਿ ਤੁਸੀਂ ਕੇਸ ਕਿਉਂ ਰੱਖੇ ਹਨ ਤਾਂ ਸਾਡੇ ਕੋਲ ਕੋਈ ਜਵਾਬ ਨਹੀਂ ਹੁੰਦਾ।ਇਹ ਸੁਣ ਕੇ ਮੈਂ ਹੈਰਾਨ ਹੁੰਦਾ ਹਾਂ ਕਿ ਐਨੇ ਮਾਮੂਲੀ ਅਤੇ ਗਲਤ ਪ੍ਰਸ਼ਨ ਦਾ ਉੱਤਰ ਵੀ ਸਿੱਖ ਨੌਜੁਆਨਾਂ ਨੂੰ ਨਹੀਂ ਅਹੁੜਦਾ, ਜੋ ਬੜਾ ਸਪੱਸ਼ਟ ਹੈ।ਪਹਿਲੀ ਗੱਲ ਤਾਂ ਇਹ ਹੈ ਕਿ ਇਹ ਪ੍ਰਸ਼ਨ ਹੀ ਗਲਤ ਹੈ ਕਿ ਤੁਸੀਂ ਕੇਸ ਕਿਉਂ ਰੱਖੇ ਹਨ। ਮੈਂ ਤਾਂ ਇਹ ਸਮਝਦਾ ਹਾਂ ਕਿ ਦੁਨੀਆਂ ਵਿੱਚ ਕੋਈ ਸਿੱਖ ਨਹੀਂ, ਜਿਸ ਨੇ ਕੇਸ ਰੱਖੇ ਹੋਣ, ਕਿਉਂਕਿ ਕੇਸ ਰੱਖਣੇ ਮਨੁੱਖੀ ਕਾਢ ਨਹੀਂ, ਇਹ ਕੁਦਰਤੀ ਮਨੁੱਖੀ ਪੈਦਾਇਸ਼ ਵੇਲੇ ਆਪੇ ਈਸ਼ਵਰ ਦੇ ਹੁਕਮ ਅੰਦਰ ਉੱਗਦੇ ਹਨ ਅਤੇ ਹਰ ਮਨੁੱਖ ਦੇ ਉੱਗਦੇ ਹਨ, ਭਾਵੇਂ ਉਹ ਕਿਸੇ ਵੀ ਕੌਮ ਵਿਚ ਪੈਦਾ ਹੋਵੇ।ਜੇ ਕੋਈ ਪ੍ਰਸ਼ਨ ਕਰੇ ਵੀ ਤਾਂ ਠੀਕ ਪ੍ਰਸ਼ਨ ਤਾਂ ਇਉਂ ਹੈ ਕਿ ਰੱਬ ਨੇ ਤੁਹਾਡੇ ਸਿਰ 'ਤੇ ਕੇਸ ਅਤੇ ਮੂੰਹ 'ਤੇ ਦਾੜ੍ਹੀ ਕਿਉਂ ਪੈਦਾ ਕੀਤੀ ਹੈ, ਜਿਸ ਦਾ ਉੱਤਰ ਸਪੱਸ਼ਟ ਹੈ ਕਿ ਰੱਬ ਨੂੰ ਪੁੱਛੋ, ਰੱਬ ਦੀ ਮਰਜੀ ਦਾ ਸਾਨੂੰ ਕੀ ਪਤਾ ਹੈ ਅਤੇ ਇਹ ਮਰਜੀ ਉਸ ਨੇ ਸਾਡੇ 'ਤੇ ਹੀ ਨਹੀਂ ਵਰਤੀ, ਹਰ ਮਨੁੱਖ 'ਤੇ ਵਰਤੀ ਹੈ। ਸਾਡੇ ਰੱਖਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਸੋ, ਇਹ ਕੋਈ ਅਜਿਹੀ ਚੀਜ਼ ਨਹੀਂ ਜਿਸ ਨੂੰ ਮਨੁੱਖ ਨੇ ਕਿਤੋਂ ਲੈ ਕੇ ਆਪਣੇ ਪਾਸ ਰੱਖਿਆ ਹੈ ਜਾਂ ਸਿਰ 'ਤੇ ਚਮੋੜ ਲਿਆ ਹੈ। ਅਜਿਹੀ ਗੱਲ ਹੁੰਦੀ ਤਾਂ ਸੁਆਲ ਕਰਨ ਵਾਲੇ ਦੇ ਸੁਆਲ ਵਿੱਚ ਵੀ ਕੋਈ ਵਜ਼ਨ ਹੁੰਦਾ।

ਹਾਂ, ਜੇ ਕੋਈ ਇਹ ਕਹੇ ਕਿ ਤੁਸੀਂ ਹੱਥ ਵਿਚ ਸੋਟੀ ਕਿਉਂ ਰੱਖਦੇ ਹੋ? ਲੰਬਾ ਚੋਲਾ ਕਿਉਂ ਪਾਂਦੇ ਹੋ ਜਾਂ ਜੇਬ ਵਿਚ ਘੜੀ ਕਿਉਂ ਰੱਖੀ ਹੈ, ਫਿਰ ਤਾਂ ਕੋਈ ਜਵਾਬ ਹੈ, ਇਹ ਕੀ ਪ੍ਰਸ਼ਨ ਹੋਇਆ ਕਿ ਤੁਸੀਂ ਕੇਸ ਕਿਉਂ ਰੱਖੇ ਹਨ।ਇਸ ਤਰ੍ਹਾਂ ਇਹ ਵੀ ਕੋਈ ਪ੍ਰਸ਼ਨ ਕਰ ਬਵੇਗਾ ਕਿ ਤੁਸੀਂ ਬਾਹਵਾਂ ਕਿਉਂ ਰੱਖੀਆਂ ਹਨ। ਜੋ ਚੀਜ਼ ਹੈ ਹੀ ਸਰੀਰ ਦਾ ਅੰਗ ਅਤੇ ਰੱਬ ਦੀ ਪੈਦਾਇਸ਼, ਉਸ ਬਾਰੇ ਮਨੁੱਖ 'ਤੇ ਸੁਆਲ ਕਰਨਾ ਕਿ ਤੂੰ ਇਹ ਕਿਉਂ ਰੱਖੀ ਹੈ, ਆਪਣੀ ਅਕਲ ਦਾ ਦੀਵਾਲਾ ਕੱਢਣਾ ਹੈ।ਹਾਂ, ਇਹ ਪ੍ਰਸ਼ਨ ਦਰੁੱਸਤ ਹੈ ਕਿ ਤੁਸੀਂ ਕੇਸ ਕਿਉਂ ਕਟਾਏ ਹਨ, ਕਿਉਂਕਿ ਕੱਟਣ ਦਾ ਕੰਮ ਮਨੁੱਖ ਆਪਣੀ ਹੱਥੀਂ ਜਾਂ ਪੈਸੇ ਦੇ ਕੇ ਕਰਵਾਂਦਾ ਹੈ, ਜੋ ਉਸ ਦੀ ਮਨੋ-ਕਲਪਿਤ ਕਾਢ ਹੈ। ਮੇਰੇ ਖਿਆਲ ਵਿੱਚ ਇਸ ਸੁਆਲ ਦਾ ਕਿਸੇ ਕੋਲ ਕੋਈ ਜਵਾਬ ਨਹੀਂ। ਇਹ ਜਵਾਬ ਭਾਵੇਂ ਮੋੜ ਤੋੜ ਕੇ ਬਣ ਜਾਵੇ ਕਿ ਮੈਂ ਜ਼ਮਾਨੇ ਦੇ ਫੈਸ਼ਨ ਅਨੁਸਾਰ ਰੱਬ ਦੀ ਬਣਤਰ ਨੂੰ ਕੰਡੈਮ ਕਰਦਾ ਹਾਂ, ਮਰਦਉਪੁਣੇ ਅਤੇ ਮਨੁੱਖੀ ਜਾਹੂ-ਜਲਾਲ ਨੂੰ ਨਸ਼ਟ ਕਰ ਕੇ ਦੁਨੀਆਂ ਵਿਚ ਨਸ਼ਰ ਹੋਣਾ ਅਤੇ ਬਲਹੀਣ ਹੋ ਕੇ ਰਹਿਣਾ ਚਾਹੁੰਦਾ ਹਾਂ।ਜੇ ਨਾਲ ਹੀ ਤੁਸੀਂ ਸੁਆਲ ਕਰ ਦਿਉ ਕਿ ਜਦ ਸਾਰੀ ਦੁਨੀਆਂ ਦਾ ਬਹੁਤ ਵੱਡਾ ਹਿੱਸਾ ਹਰ ਰੋਜ਼ ਰੱਬ ਦੀ ਬਖਸ਼ੀ ਸੂਰਤ ਨੂੰ ਭੰਨਣ ਤੇ ਲੱਖਾਂ ਰੁਪਏ ਖਰਚ ਕਰਦਾ ਹੈ, ਆਪਣੇ ਅਵਤਾਰਾਂ ਪੈਗੰਬਰਾਂ ਤੋਂ ਬੇਮੁੱਖ ਬਣਦਾ ਹੈ ਅਤੇ ਰੋਜ਼ ਰਗੜ ਪੱਟੀ ਚਾੜ੍ਹਨ ਵਿਚ ਐਨਾ ਔਖਾ ਹੁੰਦਾ ਹੈ ਤਾਂ ਐਨੀ ਦੁਨੀਆਂ ਦੀ ਰਾਏ ਸਾਹਮਣੇ ਰੱਬ ਹੀ ਕਿਉਂ ਨਹੀਂ ਝੁੱਕ ਜਾਂਦਾ, ਕਿ ਜਦ ਬਹੁਤੀ ਗਿਣਤੀ ਮਨੁੱਖਾਂ ਦੀ ਇਨ੍ਹਾਂ ਦਾੜ੍ਹੀ ਕੇਸਾਂ ਨੂੰ ਪਸੰਦ ਨਹੀਂ ਕਰਦੀ ਤਾਂ ਮੈਂ ਅੱਗੋਂ ਪੈਦਾ ਹੀ ਨਾ ਕਰਾਂ ਜਾਂ ਜਿਸ ਮਨੁੱਖ ਨੇ ਮੇਰੀ ਦਿੱਤੀ ਚੀਜ਼ ਨੂੰ ਕੱਟ ਕੇ ਸੁੱਟ ਦਿੱਤਾ ਹੈ, ਉਸ ਨੂੰ ਮੈਂ ਅੱਗੋਂ ਲਈ ਨਾ ਦਿਆਂ। ਤਾਂ ਫਿਰ ਵੇਖੋ ਇਹ ਪ੍ਰਸ਼ਨ ਕਰਨ ਵਾਲੇ ਨੂੰ ਕਿਵੇਂ ਲੈਣੇ ਦੇ ਦੇਣੇ ਪੈ ਜਾਣਗੇ ਤੇ ਅਗੋਂ ਕਦੀ ਪ੍ਰਸ਼ਨ ਨਹੀਂ ਕਰੇਗਾ ਕਿ ਤੁਸੀਂ ਕੇਸ ਕਿਉਂ ਰੱਖੇ ਹਨ।ਪਰ ਅਫਸੋਸ ਤਾਂ ਇਹ ਹੈ ਕਿ ਸਿੱਖ ਨੌਜੁਆਨ ਐਨੀ ਗੱਲ ਸੋਚਦੇ ਹੀ ਨਹੀਂ ਅਤੇ ਪ੍ਰਸ਼ਨ ਸੁਣ ਕੇ ਘਾਬਰ ਜਾਂਦੇ ਹਨ।

ਇਸ ਦਾ ਕਾਰਨ ਇਹ ਹੈ ਕਿ ਇਸ ਮਾਦਾ-ਪ੍ਰਸਤ ਦੁਨੀਆਂ ਵਿੱਚ ਕੇਸ ਕੱਟਣ ਦੀ ਅਵੱਗਿਆ ਕਰਨ ਵਾਲਿਆਂ ਦੀ ਗਿਣਤੀ ਐਨੀ ਜ਼ਿਆਦਾ ਹੋ ਗਈ ਕਿ ਕੇਸਾਂ ਵਾਲੇ ਐਵੇਂ ਹੀ ਢਹਿੰਦੀ ਕਲਾ ਵਿੱਚ ਪੈ ਜਾਂਦੇ ਹਨ, ਜਿਵੇਂ ਪਰਤੱਖ ਹੈ ਕਿ ਬਾਹਰ ਦੇ ਮੁਲਕਾਂ ਵਿੱਚ ਲੱਖਾਂ ਦੀ ਗਿਣਤੀ ਵਿਚ ਇਕ ਦੋ ਹੀ ਸਿੱਖ ਨੌਜੁਆਨ ਹੋਣ ਤਾਂ ਆਮ ਤੌਰ 'ਤੇ ਪਤਿਤ ਹੋ ਜਾਂਦੇ ਹਨ। ਮਨੁੱਖੀ ਸੁਭਾਵ ਵਿੱਚ ਇਹ ਕਮਜ਼ੋਰੀ ਹੈ ਕਿ ਹੋਰ ਲਿਬਾਸ ਜਾਂ ਪਹਿਰਾਵੇ ਵਾਲੇ ਬਹੁਤੇ ਬੰਦਿਆਂ ਵਿਚ ਬੈਠਾ ਇਕ ਆਦਮੀ ਆਪਣੇ ਮਨ ਵਿੱਚ ਹੀ ਆਪਣੇ ਲਈ ਘ੍ਰਿਣਾ ਪੈਦਾ ਕਰਨ ਲੱਗ ਜਾਂਦਾ ਹੈ। ਗੁਰੂ ਕਲਗੀਧਰ ਜੀ ਨੇ ਸਾਡੇ ਨਾਮ ਨਾਲ ਸਿੰਘ ਲੱਕਬ ਲਗਾਇਆ ਹੈ, (ਜਿਸ ਦੇ ਅਰਥ ਸ਼ੇਰ ਹਨ) ਤਾਂ ਕਿ ਸਾਡੇ ਵਿਚ ਸ਼ੇਰ ਵਰਗੀ ਗੰਭੀਰਤਾ ਅਤੇ ਸ੍ਵੈ-ਮਾਨਤਾ ਵਾਲਾ ਜ਼ਜ਼ਬਾ ਕਾਇਮ ਰਹੇ। ਵੇਖੋ, ਲੱਖਾਂ ਜਾਨਵਰਾਂ ਵਿਚ ਸ਼ੇਰ ਕਦੇ ਆਪਣੇ ਆਪ ਨੂੰ ਘਟੀਆ ਮਹਿਸੂਸ ਨਹੀਂ ਕਰਦਾ। ਉਸ ਦਾ ਰੋਹਬ ਅਤੇ ਗਰਜ ਸਭ ਤੋਂ ਨਿਰਾਲੀ ਹੀ ਹੁੰਦੀ ਹੈ। ਭਾਈ ਗੁਰਦਾਸ ਜੀ ਦੇ ਕਥਨ 'ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ' ਅਨੁਸਾਰ ਸ਼ੇਰ ਦੀ ਗਰਜ ਸਾਹਵੇਂ ਸਭਜਾਨਵਰ ਪਲਾਂ ਵਿਚ ਅਲੋਪ ਹੋ ਜਾਂਦੇ ਹਨ।ਪੂਰਨ ਮਨੁੱਖ (ਗੁਰੂ ਕੇ ਸਿੱਖ) ਵਿਚ ਵੀ ਵਾਹਿਗੁਰੂ ਦੇ ਭਾਣੇ ਅੰਦਰ ਸਾਬਤ ਸੂਰਤ ਰਹਿਣ, ਗੁਰੂ ਕੀ ਬਖਸ਼ੀ ਸਿੰਘ ਸੰਗਿਆ ਅਤੇ ਖਾਲਸਈ ਸਪਿਰਿਟ ਕਾਰਨ ਹੀ ਲੱਖਾਂ ਦੇ ਘੇਰੇ ਵਿਚ ਜੂਝਨ ਦੀ ਸ਼ਕਤੀ, ਸ਼ੇਰ ਵਾਲੀ ਗਰਜ ਅਥਵਾ ਅਥਾਹ ਬਲ ਹੁੰਦਾ ਹੈ, ਜਿਸ ਦੀ ਮਿਸਾਲ ਸੰਸਾਰ ਦੇ ਸਾਹਮਣੇ ਹੈ।ਸੋ

, ਸਿੱਖ ਨੌਜੁਆਨਾਂ ਨੂੰ ਆਪਣੇ ਖਾਲਸਈ ਬਾਣੇ 'ਤੇ ਆਪ ਹੀ ਕਿੰਤੂ ਨਹੀਂ ਕਰਨੀ ਚਾਹੀਦੀ, ਹਰ ਮੁਲਕ ਅਤੇ ਹਰ ਥਾਂ ਵਿੱਚ ਤਿਆਰ-ਬਰ-ਤਿਆਰ ਰਹਿਣਾ ਚਾਹੀਦਾ ਹੈ ਅਤੇ ਇਹੋ ਜਿਹੇ ਕੱਚੇ ਪਿੱਲੇ ਪ੍ਰਸ਼ਨ ਕਰਨ ਵਾਲਿਆਂ ਨੂੰ ਦਲੀਲ ਨਾਲ ਨਿਰਉੱਤਰ ਕਰਨਾ ਚਾਹੀਦਾ ਹੈ।ਸਤੰਬਰ 1963 ਦਾ ਜ਼ਿਕਰ ਹੈ। ਸਿੰਘਾਪੁਰ ਦੇ ਇਕ ਗੁਰਦੁਆਰੇ ਵਿਚ ਦਾਸ ਦੇ ਲੈਕਚਰ ਸਮੇਂ ਇਕ ਨੌਜੁਆਨ ਨੇ ਪ੍ਰਸ਼ਨ ਕੀਤਾ ਕਿ ਲੋਕੀਂ ਸਾਨੂੰ ਪੁੱਛਦੇ ਹਨ ਕਿ ਕੇਸ ਕਿਉਂ ਰੱਖਦੇ ਹੋ? ਇਸ ਦਾ ਕੀ ਉੱਤਰ ਦੇਈਏ। ਲੇਖਕ ਨੇ ਕਿਹਾ, ਇਹ ਉੱਤਰ ਦਿਆ ਕਰੋ ਕਿ ਦੁਨੀਆਂ 'ਤੇ ਕੋਈ ਸਿੱਖ ਨਹੀਂ, ਜਿਸ ਨੇ ਕੇਸ ਰੱਖੇ ਹਨ। ਤਾਂ ਉਸ ਨੇ ਕਿਹਾ, ਇਹ ਝੂਠ ਹੈ, ਕੇਸ ਤਾਂ ਹਰ ਸਿੱਖ ਨੇ ਰੱਖੇ ਹੋਏ ਹਨ। ਦਾਸ ਲੇਖਕ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਕਹਿ ਦਿੱਤਾ ਕਿ ਮੈਂ ਤਾਂ ਦਾੜ੍ਹੀ ਕੇਸ ਨਹੀਂ ਰੱਖੇ। ਇਸ 'ਤੇ ਸਾਰੀ ਸੰਗਤ ਹੈਰਾਨ ਰਹਿ ਗਈ। ਇਸ ਤੇ ਅਗਲਾ ਦੀਵਾਨ ਇਸ ਵਿਸ਼ੇ 'ਤੇ ਖੁਲ੍ਹੀ ਵੀਚਾਰ ਲਈ ਨਿਯਤ ਹੋਇਆ, ਜਿਸ ਵਿੱਚ ਇਹ ਸਾਬਤ ਕੀਤਾ ਕਿ ਕੇਸ ਮਨੁੱਖ ਨਹੀਂ ਰੱਖਦਾ, ਇਹ ਕੁਦਰਤ ਦੀ ਦੇਣ ਹੈ। ਇਸ ਵੀਚਾਰ ਦੇ ਨਤੀਜੇ ਵਜੋਂ ਤਿੰਨ ਸੌ, ਮਾਈ ਭਾਈ ਨੇ ਅੰਮ੍ਰਿਤ ਛਕਿਆ, ਜਿਨ੍ਹਾਂ ਵਿਚ 18 ਹਿੰਦੂ ਵਿਅਕਤੀ ਸਿੰਘ ਸਜੇ।ਕੇਸ ਬਿਨਾਂ ਸਿੱਖ ਅਧੂਰਾ:-ਕਈ ਸੱਜਣ ਇਉਂ ਵੀ ਕਹਿੰਦੇ ਹਨ ਕਿ ਕੇਸਾਂ ਦਾ ਆਤਮਕ ਗੁਣਾਂ ਨਾਲ ਕੋਈ ਸਬੰਧ ਨਹੀਂ, ਜੇ ਕੇਸ ਨਾ ਹੋਣ ਤਾਂ ਵੀ ਸਿੱਖੀ ਵਿੱਚ ਕੋਈ ਫਰਕ ਨਹੀਂ ਪੈ ਸਕਦਾ।ਇਸ ਦੇ ਉੱਤਰ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਕਈ ਬਹੁ-ਗੁਣੀ ਅਰਥਾਤ ਬਹੁ-ਵਸਤਕ ਚੀਜ਼ਾਂ ਦੇ ਦੋ ਹੀ ਹਿੱਸੇ ਹੁੰਦੇ ਹਨ, ਮੁੱਖ ਅਤੇ ਗਉਣ। ਮੁੱਖ ਵਸਤੂ ਤੋਂ ਬਿਨਾਂ ਗਉਣ ਦੇ ਕੋਈ ਅਰਥ ਨਹੀਂ ਰਹਿੰਦੇ। ਇਸ ਖਿਆਲ ਦੀ ਪੁਸ਼ਟੀ ਲਈ ਇਥੇ ਕੇਵਲ ਦੋ ਉਦਾਹਰਣਾਂ ਦੇਂਦੇ ਹਾਂ:(1) ਤੁਸੀਂ ਦਾਲ ਲੈਣ ਬਾਜ਼ਾਰ ਜਾਂਦੇ ਹੋ ਤੇ ਦੁਕਾਨਦਾਰ ਨੂੰ ਕਹਿੰਦੇ ਹੋ, ਭਾਈ! ਦਾਲ ਦੇਹ। ਜਦ ਉਹ ਦੇ ਦੇਂਦਾ ਹੈ ਤਾਂ ਘਰ ਆ ਕੇ ਘਰ ਵਾਲੀ ਨੂੰ ਕਹਿੰਦੇ ਹੋ, ਲਉ ਦਾਲ ਚਾੜ੍ਹੋ। ਜਦ ਦਾਲ ਤਿਆਰ ਹੋ ਜਾਂਦੀ ਹੈ ਤਾਂ ਤੁਸੀਂ ਰੋਟੀ ਖਾਂਦਿਆਂ ਮੰਗਦੇ ਹੋ, ਜੀ ਦਾਲ ਦਿਉ। ਇਥੇ ਵੇਖਣ ਵਾਲੀ ਗੱਲ ਹੈ ਕਿ ਬਾਜ਼ਾਰੋਂ ਆਈ ਦਾਲ ਪਾਣੀ ਵਿੱਚ ਪਾ ਕੇ ਧਰੀ ਗਈ, ਵਿੱਚ ਮਿਰਚ, ਲੂਣ, ਹਲਦੀ ਤੇ ਮਸਾਲੇ ਆਦਿ ਵੀ ਪਾ ਦਿੱਤੇ ਗਏ, ਪਰ ਉਸ ਦਾ ਨਾਮ ਫਿਰ ਵੀ ਦਾਲ ਹੀ ਰਿਹਾ। ਇਸ ਤਰ੍ਹਾਂ ਕੋਈ ਨਹੀਂ। ਕਹਿੰਦਾ ਕਿ ਜੀ! ਪਾਣੀ, ਮਿਰਚ, ਲੂਣ, ਮਸਾਲਾ ਤੇ ਦਾਲ ਦਿਓ। ਇਹ ਸਾਰੀਆਂ ਚੀਜ਼ਾਂ ਮਿਲ ਕੇ ਵੀ ਇਹ ਚੀਜ਼ ਦਾਲ ਹੀ ਅਖਵਾਉਂਦੀ ਹੈ, ਕਿਉਂਕਿ ਸਾਰੀਆਂ ਚੀਜ਼ਾਂ ਵਿਚ ਮੁੱਖ ਵਸਤੂ ਦਾਲ ਹੈ, ਪਰ ਜੇ ਉਹ ਨਾ ਹੋਵੇ ਤਾਂ ਬਾਕੀ 'ਕੱਠੀਆਂਕਰ ਕੇ ਘੋਲੀਆਂ ਹੋਈਆਂ ਚੀਜ਼ਾਂ ਨੂੰ ਕੋਈ ਦਾਲ ਨਹੀਂ ਕਹਿੰਦਾ, ਇਸੇ ਲਈ ਕਿ ਉਹ ਗਉਣ ਵਸਤੂਆਂ ਹਨ।(2) ਜੇ ਕਿਸੇ ਨੂੰ ਤੁਸੀਂ ਪ੍ਰਸ਼ਾਦਾ ਕਹੋ ਕਿ ਗੁਰਮੁਖ ਜੀ! ਤੁਸੀਂ ਰੋਟੀ ਮੇਰੇ ਘਰ ਖਾਣੀ, ਤਾਂ ਉਸ ਵੇਲੇ ਤੁਸੀਂ ਇਹ ਨਿਰਣਾ ਨਹੀਂ ਕਰਦੇ ਕਿ ਤੁਸਾਂ ਫੁਲਕਾ, ਦਾਲ, ਚੱਟਣੀ, ਅਚਾਰ, ਖੀਰ, ਸਾਗ ਅਤੇ ਆਲੂ ਆਦਿ ਮੇਰੇ ਘਰ ਖਾਣੇ, ਕਿਉਂਕਿ ਰੋਟੀ (ਮੁੱਖ ਵਸਤੂ) ਵਿੱਚ ਸਬਜ਼ੀਆਂ ਆਦਿ (ਗਉਣ ਵਸਤੂਆਂ) ਸਭ ਆ ਜਾਂਦੀਆਂ ਹਨ। ਜੇ ਤੁਸੀਂ ਜ਼ਿਆਦਾ ਚੀਜ਼ਾਂ ਨਹੀਂ ਬਣਾ ਸਕੇ ਜਾਂ ਰੋਟੀ ਨਾਲ ਕੇਵਲ ਲੂਣ, ਮਿਰਚ ਹੀ ਹੈ, ਤਾਂ ਵੀ ਇਹ ਕੋਈ ਨਹੀਂ ਕਹਿ ਸਕਦਾ ਕਿ ਇਹ ਰੋਟੀ ਨਹੀਂ। ਤੇ ਜੇ ਹੋਰ ਛੱਤੀ ਪ੍ਰਕਾਰ ਦੀਆਂ ਚੀਜ਼ਾਂ ਥਾਲ ਵਿੱਚ ਹੋਣ, ਕੇਵਲ ਫੁਲਕਾ (ਅੰਨ) ਨਾ ਹੋਵੇ ਤਾਂ ਉਸ ਨੂੰ ਕੋਈ ਨਹੀਂ ਕਹਿੰਦਾ ਕਿ ਇਹ ਰੋਟੀ ਹੈ, ਕਿਉਂਕਿ ਉਸ ਵਿਚ 'ਰੋਟੀ' ਦੀ ਮੁੱਖ ਵਸਤੂ ਅੰਨ ਨਹੀਂ ਹੁੰਦਾ।ਇਸੇ ਤਰ੍ਹਾਂ ਸਿੱਖੀ ਦੀ ਵੀ ਮੁੱਖ ਰਹਿਤ ਕੇਸ ਹਨ। ਇਕ ਆਦਮੀ ਦੇ ਜੇ ਕੇਸ ਤੇ ਦਾੜ੍ਹਾ ਸਾਬਤ ਹੋਣ ਤਾਂ ਉਸ ਨੂੰ ਦੇਖ ਕੇ ਹਰ ਕੋਈ ਕਹਿੰਦਾ ਹੈ ਇਹ ਸਿੱਖ ਹੈ, ਭਾਵੇਂ ਉਸ ਦੇ ਕੇਸਾਂ ਵਿੱਚ ਕੰਘਾ, ਹੱਥ ਕੜਾ, ਤੇੜ ਕਛਹਿਰਾ ਅਤੇ ਗਲ ਕ੍ਰਿਪਾਨ ਹੋਵੇ ਜਾਂ ਨਾ। ਤੇ ਜੇ ਉਸ ਕੋਲ ਕੰਘਾ ਵੀ ਹੈ, ਹੱਥ ਕੜਾ, ਤੇੜ ਕਛਹਿਰਾ, ਅਥਵਾ ਗਲ ਕ੍ਰਿਪਾਨ ਵੀ ਪਹਿਨੀ ਹੋਈ ਹੈ, ਪਰ ਸਿਰ 'ਤੇ ਕੇਸ ਨਹੀਂ ਰੱਖੇ ਹੋਏ ਤਾਂ ਉਸ ਨੂੰ ਵੇਖ ਕੇ ਕਦੀ ਕੋਈ ਨਹੀਂ ਕਹਿੰਦਾ ਕਿ ਇਹ ਸਿੱਖ ਹੈ। ਜਿਸ ਦਾ ਭਾਵ ਸਪੱਸ਼ਟ ਹੈ ਕਿ ਕੇਸਾਂ ਬਿਨ੍ਹਾਂ ਸਿੱਖ, ਪੂਰਨ ਸਿੱਖ ਨਹੀਂ ਅਖਵਾ ਸਕਦਾ। ਭਾਵੇਂ ਬਾਕੀ ਸਾਰੀਆਂ ਹੀ ਰਹਿਤਾਂ ਦਾ ਧਾਰਨੀ ਹੋਵੇ।ਨਿਸ਼ਾਨੇ ਸਿੱਖੀ ਈਂ ਪੰਜ ਹਰਫ਼ ਕਾਫ਼।। ਹਰਗਿਜ਼ ਨਾ ਬਾਸ਼ਦ ਈਂ ਪੰਜ ਮੁਆਫ਼।। ਕੜਾ ਕਾਰਦੋ ਕੱਛ ਕੰਘਾ ਬਿਦਾਂ।। ਬਿਨਾਂ ਕੇਸ ਹੇਚ ਅਸਤ ਜੁਮਲਾ ਨਿਸ਼ਾਂ।।(ਰਹਿਤਨਾਮਾ)ਭਾਵ : ਸਿੱਖੀ ਦੀ ਪਰਤੱਖ ਨਿਸ਼ਾਨੀ ਪੰਜ ਅੱਖਰ ਕੱਕੇ (ਕੇਸ, ਕੰਘਾ, ਕੜਾ, ਕ੍ਰਿਪਾਨ, ਕਛਹਿਰਾ) ਹਨ। ਇਨ੍ਹਾਂ ਤੋਂ ਬਿਨ੍ਹਾਂ ਸਿੱਖ, ਸਿੱਖ ਨਹੀਂ ਕਹਾ ਸਕਦਾ, ਤੇ ਜੇ ਇਨ੍ਹਾਂ ਵਿਚ ਮੁੱਖ ਕਕਾਰ ਕੇਸ ਨਾ ਹੋਣ ਤਾਂ ਦੂਜੇ ਚਾਰੇ ਕੱਕੇ ਮਜਮੂਈ ਤੌਰ 'ਤੇ ਹੇਠ ਹਨ।ਸੋ ਕੇਸ ਰੱਖੇ ਬਿਨਾਂ ਜੇ ਕੋਈ ਅੰਮ੍ਰਿਤ ਛਕਣ ਦੀ ਡੀਂਗ ਮਾਰੇ ਤਾਂ ਉਹ ਸਿੱਖ ਸਿੰਘ ਨਹੀਂ ਕਹਾ ਸਕਦਾ, ਹੁਕਮ ਹੈ :ਦਿਜ, ਬਿਨ ਕੇਸ ਜੋ ਪਾਹੁਲ ਧਾਰੇ। ਤਿਸ ਪਾਖੰਡੀ ਦੂਰ ਨਿਵਾਰੇ।

# ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜ੍ਹਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੮੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੮੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੮੯ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ 'ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ,ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਿਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।




## ਇੱਕ ਕੋਸ਼ਿਸ਼

### ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ

### ਪੁਰਖਿਆਂ ਦੀ ਪੈੜ 'ਚ ਪੈਰ ਧਰਦਾ 'ਖ਼ਾਲਸਾ ਅਖ਼ਬਾਰ'

**ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !**

+44 74913 74913
www.khalsaakhbaar.com
editor@khalsaakhbaar.com
@khalsaakhbaar